ੴ

ਮਾਸਿਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

www.AKJ.Org

## ਜਉ ਤਉ ਪ੍ਰੇਮ ਖੇਲਣ ਕਾ ਚਾਉ
## ਸਿਰੁ ਧਰਿ ਤਲੀ ਗਲੀ ਮੇਰੀ ਆਉ

# ਗੁਰਸਿਖ ਮੀਤ ਚਲਹੁ ਗੁਰ ਚਾਲੀ

ਤਤਕਰਾ


| | | | |
|---|---|---|---|
| ੧.ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ | ੧. | ੬.ਗੁਰੂ ਨਾਨਕ ਦੇ ਪੈਰੋਕਾਰਾਂ ਨੂੰ (ਕਵਿਤਾ) | ੨੨ |
| ੨.ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ(੨) | ੪. | ੭.ਸਿੱਖ ਇਤਿਹਾਸ ਵਿਚ ਔਰਤ ਦਾ ਸਥਾਨ ਅਤੇ ਕਰਤੱਵ | ੨੩ |
| ੩.ਪੰਕਜ ਮੋਹੁ ਨਿਘਰਤ ਹੈ ਪ੍ਰਾਨੀ | ੧੧. | ੮.ਤੀਜੀ ਸ਼ਤਾਬਦੀ 1999 ਕਿਵੇਂ ਮਨਾਈਏ | ੩੧ |
| ੪.ਸਿਰਲੱਥ ਸੂਰਮਾ ਬਾਬਾ ਦੀਪ ਸਿੰਘ ਸ਼ਹੀਦ | ੧੬. | ੯.ਮੌਜਾਂ ਲੁੱਟੇਗਾ (ਕਵਿਤਾ) | ੩੨ |
| ੫.Who is a Sikh. | ੧੯. | ੧੦.ਕਰਮ ਫਿਲਾਸਫ਼ੀ | ੩੩ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਸ਼ਹੀਦੀ ਸਾਕਾ ਨਨਕਾਣਾ ਸਾਹਿਬ ੨੧ ਫਰਵਰੀ — ਸ਼ਹੀਦੀ ਦਿਨ ਬਾਬਾ ਦੀਪ ਸਿੰਘ ਜੀ ਸ਼ਹੀਦ ੯ ਫਰਵਰੀ

ਸੂਰਾ ਸਬ ਆਫ਼ਿਸ ਲੁਧਿਆਣਾ ਦਾ ਟੈਲੀਫੋਨ ਨੰ: **428194** (ਸਮਾਂ ਸਵੇਰੇ ੭ ਤੋਂ ਸ਼ਾਮ ਨੂੰ 5 ਵਜੇਤੱਕ)

## ਪਾਠਕਾ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵਾਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਡਰ ਫਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰ: ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਲਿਖੋ ਜੀ। —ਸੰਪਾਦਕ

www.AKJ.Org

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ ਹਵਾਈ ਡਾਕ | ਪ੍ਰਦੇਸ ਸਮੁੰਦਰੀ ਡਾਕ |
|---|---|---|---|
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ — ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾ ਕਰਵਾ ਕੇ ਗੁਰੂ ਕੀਆਂ ਖੁਸ਼ੀਆ ਪ੍ਰਾਪਤ ਕਰੋ ਜੀ।

ਨੋਟ :- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-2 ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾ ਕਰਵਾ ਕੇ ਰਸੀਦ ਲਵੋ ਜੀ।

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ, ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ), ਡੀ-93, ਬਲਾਕ-16, ਪਾਹਵਾ ਰੋਡ, ਲੁਧਿਆਣਾ ਫੋਨ : 543591

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੩
ਫਰਵਰੀ ੧੯੯੯
ਅੰਕ ੨

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ
ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : 40.ਰੁ: ਵਿਦੇਸ਼ :ਸਮੁੰਦਰੀ ਡਾਕ......140.ਰੁ: ਹਵਾਈ ਡਾਕ........400ਰੁ:

ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ 400 ਰੁ: ਵਿਦੇਸ਼ :ਸਮੁੰਦਰੀ ਡਾਕ...1400ਰੁ: ਹਵਾਈ ਡਾਕ.....4,000ਰੁ:

ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - 141002 (ਇੱਕ ਕਾਪੀ .... 5.00)

Sura-Internet passward- WWW.SURA-INTERNATIONAL.COM

## "ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ'

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥
ਸੁਣਿ ਪੰਡਿਤ ਕਰਮਾਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤਕੋ ਭਾਈ ਦਹਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥


www.AKJ.Org

ਗੁਰ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥ ੮॥੨॥

(ਸੋਰਠਿ ਮ: ੧ ਤਿਤੁਕੀ, ਪੰਨਾ ੬੩੫)

ਵਿਆਖਿਆ :– ਅੱਖੀਂ ਡਿਠੇ, ਕੰਨੀਂ ਸੁਣੇ, ਸੰਵਾਤੇ, ਸਪਰਸੇ ਅਤੇ ਸੁੰਘੇ ਪੰਜੇ ਗਿਆਨ ਇੰਦਰਿਆਂ ਕਰਿ ਹੰਘੇ ਪਦਾਰਥਾਂ ਦੀ ਪ੍ਰਾਪਤੀ ਲਈ ਜੋ ਆਸਾ (ਉਮੈਦ) ਤੇ ਇੱਛਾ (ਮਨਸਾ) ਇਨਸਾਨ ਨੂੰ ਪ੍ਰਬਲ ਹੋ ਕੇ ਲਗੀ ਰਹਿੰਦੀ ਹੈ, ਇਹੀ ਬੰਧਨ ਫਾਹੇ ਹਨ। ਜਿੰਨਾਂ ਦੇ ਫਾਥੇ ਹੋਏ ਆਨਮਤ ਕਰਮੀਏ, ਆਨਮਤ ਧਰਮੀਏ ਲੋਗ ਏਨ੍ਹਾਂ ਹੀ ਬੰਧਨਾਵਾਂ ਵਾਲੇ ਬੰਧਕਾਰੀ ਕਰਮ ਧਰਮ ਕਰਨ ਵਿਚਿ ਪਰਵਿਰਤ ਕਰਮ ਕਰਨੇ ਸਿਖਾਉਂਦੇ ਦ੍ਰਿੜ੍ਹਾਉਂਦੇ ਹਨ। ਏਸ ਪਰਵਿਰਤੀ ਮਾਰਗ ਤੋਂ ਉਤਾਹਾਂ ਉਹ ਉਤਰਦੇ ਹੀ ਨਹੀਂ, ਕਿਉਂਕਿ ਨਿਰਵਿਰਤੀ ਪਖ ਦੇ ਪਰਮਾਰਥੀ ਅਦ੍ਰਿਸ਼ਟ ਪਦਾਰਥਾਂ ਦੀ ਉਹਨਾਂ ਨੂੰ ਸੂਝ ਬੂਝ ਹੀ ਨਹੀਂ। ਦ੍ਰਿਸ਼ਟਮਾਨ ਪਦਾਰਥਾਂ ਵਿਚ ਹੀ ਆਨਮਤ ਕਰਮੀ ਧਰਮੀਆਂ ਦੀ ਸੁਰਤੀ ਬਿਰਤੀ ਉਲਝ ਜਾਂਦੀ ਹੈ। ਅਦ੍ਰਿਸ਼ਟ ਮੰਡਲਾਂ ਵਲ ਉਚਿਆਂ ਹੁੰਦੀ ਹੀ ਨਹੀਂ, ਉਚੀ ਹੁੰਦੀ ਹੀ ਨਹੀਂ। ਤ੍ਰੈਗੁਣੀ ਹਵਾਸੇ ਖ਼ਮਸਾ (ਪੰਜ ਇੰਦਰੇ) ਵਾਲੇ ਇਨਸਾਨ ਨੂੰ ਦੇਖੇ ਪਰਖੇ ਸੁਣੇ ਪਰਸੇ ਅਤੇ ਸੁੰਘੇ ਹੰਘੇ ਪਦਾਰਥਾਂ ਦੀ ਲਾਲਸਾ ਤ੍ਰਿਸ਼ਨਾ ਮਈ ਆਸਾ ਤ੍ਰਿਸ਼ਨਾ ਲਗੀ ਰਹਿੰਦੀ ਹੈ। ਏਸੇ ਆਸਾ ਤ੍ਰਿਸ਼ਨਾ ਨੂੰ ਪੂਰੀ ਕਰਨ ਦੀ ਕਾਮਨਾ ਹਿਤ ਉਹ ਨਾਨਾ ਪ੍ਰਕਾਰੀ ਕਰਮ ਕਮਾਵਨ ਲਈ ਧਾਵੰਦੇ ਰਹਿੰਦੇ ਹਨ। ਏਸੇ ਕਰਕੇ ਇਹ ਸਾਰੇ ਤ੍ਰੈਗੁਣੀ ਕਰਮ ਬੰਧਕਾਰੀ ਕਰਮ ਹਨ, ਕਿਉਂਕਿ ਇਹ ਲਾਲਸਾ ਤ੍ਰਿਸ਼ਨਾ ਤੋਂ ਉਪੰਨਾ ਹਉਮੈ ਰੋਗ ਹੋਰ ਵਧਾਉਂਦੇ ਹਨ। ਮਹਿਜ਼ ਇਖ਼ਲਾਕੀ ਨੇਕੀ ਵਾਲੇ ਕਰਮ ਪੁੰਨ ਹਉਮੈ ਰੋਗ ਹੋਰ ਵਧਾਉਂਦੇ ਹਨ। ਮਹਿਜ਼ ਇਖ਼ਲਾਕ ਔਸਤੀ ਦਾਇਰੇ ਵਾਲੇ ਕਰਮ ਪੁਨ ਕਰਮ ਕਹਾਉਂਦੇ ਹਨ। ਇਸ ਦਾਇਰੇ ਤੋਂ ਨੀਵੇਂ ਮੰਦ ਆਚਾਰ ਵਾਲੇ ਕਰਮ ਪਾਪ ਕਰਮ ਸਦਾਉਂਦੇ ਹਨ। ਸੱਚੇ ਪਰਮਾਰਥੀ ਗੁਰਮਤਿ ਮੇਅਰਾਜ (ਉਚਤਾ) ਵਾਲੇ ਕਰਮ ਏਹਨਾਂ ਇਖ਼ਲਾਕ ਮੁਹੀਤੀ (ਨਿਸਚਿਤ) ਦਾਇਰਿਆਂ ਤੋਂ ਅਪਰੰਪਰ ਹਨ, ਜੋ ਕੇਵਲ ਤ੍ਰੈਗੁਣ ਅਤੀਤ ਗੁਰਮੁਖ ਜਨਾਂ ਦੇ ਕਰਮ ਵਿਰਸੇ ਵਿਚ ਹੀ ਆਇ ਹਨ। ਆਮ ਕਰਮਚਾਰੀ ਦ੍ਰਿਸ਼ਟ ਮੰਡਲ ਵਾਲੇ ਪੁੰਨ ਕਰਮ ਭੀ ਅਪਰੰਪਰੀ ਕਰਮੱਗਾ ਦੇ ਨਿਕਟ ਨਿਚਲੇ ਦਰਜੇ ਦੇ ਕਰਮ ਹਨ। ਸਾਰਾ ਜਗ ਸੰਸਾਰੁ ਪਾਪ ਪੁੰਨ ਕਰਮਾਂ ਅੰਦਰ ਹੀ ਜਾਇਆ ਜਨਮਿਆ ਹੋਇਆ ਹੈ। ਭਾਵੇਂ ਚੰਗੇ ਕਰਮ ਕਰੇ ਭਾਵੇਂ ਚੰਗੇ ਕਰਮ ਕਰੇ ਭਾਵੇਂ ਮੰਦੇ, ਭਾਵੇਂ ਪੁੰਨ ਕਰਮ ਕਰੇ, ਯਾ ਰਲੇ ਮਿਲੇ ਕੁਛ ਪਾਪ ਤੇ ਕੁਛ ਪੁੰਨ ਤੇ ਕਰਮ ਕਰੇ, ਤਦ ਤਾਈਂ ਜਨਮਾਂ ਵਿਚਿ ਆਉਂਦਾ ਰਹਿੰਦਾ ਹੈ। ਨਿਰਾ ਪਾਪੀ, ਪਾਪ-ਕਰੰਮੀ ਪੁਰਸ਼ ਨਰਕਾਂ ਵਿਚਿ ਪੈ ਕੇ ਫੇਰ ਚੁਰਾਸੀ ਦੇ ਵਿਚਿ ਪੈ ਜਾਂਦਾ ਹੈ। ਨਿਰਾ-ਪੁੰਨੀ ਪੁਰਸ਼ ਪੁੰਨ ਕਰਕੇ ਸੁਰਗ ਭੋਗ ਕੇ ਫੇਰ ਆਵਾਗਉਣ ਨੂੰ ਭੁਗਤਦਾ ਹੈ। ਨਾਮ ਨੂੰ ਵਿਸਾਰ ਕੇ ਇਉਂ ਆਵਾਗਉਣ ਸਿਲਸਿਲੇ ਵਿਚ ਹੀ ਖੁਆਰ ਹੁੰਦਾ ਰਹਿੰਦਾ ਹੈ। ਬਸ, ਨਾਮ ਨੂੰ ਭੁਲਾ ਕੇ ਤਬਾਹ ਹੁੰਦਾ ਹੈ। ਜਗਤ ਵਿਖੇ ਇਹ ਮਾਇਆ ਮੋਹਣੀ ਰੂਪ ਹੋ ਕੇ ਜਗਜੀਵਾਂ ਸੰਸਾਰੀਆਂ ਨੂੰ ਮਮਤਾ ਗ੍ਰਸਤ ਮੋਹਿਤ ਕਰਿ ਰਹੀ ਹੈ। ਮਮਤਾ ਗ੍ਰਸਤ ਹੋਏਵੇ ਸੰਸਾਰੀ ਕਰਮਚਾਰੀਆਂ ਦੇ ਕੀਤੇ ਕਰਮ ਸਭਿ ਵਿਚਾਰ ਰੂਪ ਵਿਕਾਰੀ ਕਰਮ ਹਨ ॥੧॥

ਕਰਮਾਕਾਰੀ ਬੇਦਾਚਾਰੀ ਪੰਡਿਤ ਨੂੰ ਸਨਮੁਖ (ਮੁਖ਼ਾਤਬ) ਹੋ ਕੇ ਗੁਰੂ ਨਾਨਕ ਸਾਹਿਬ ਇਉਂ ਉਚਾਰਨ ਕਰਦੇ ਹਨ। ਹੇ ਵੇਦ ਅਨੁਸਾਰੀ, ਕਰਮ ਧਰਮਾਰੀ, ਕਰਮਾਂ ਦੇ ਕਰਮਾਕਾਰੀ (ਕਰਮਾਂਚਾਰੀ) ਪੰਡਿਤ। ਸੱਚਾ ਸੁਖ ਉਪਜਾਉਣ ਵਾਲਾ ਕਰਮੁ, ਇਕੋ ਆਤਮ ਤੱਤ ਵੀਚਾਰੀ ਕਰਮ ਗੁਰਮਤਿ ਨਾਮੁ ਅਭਿਆਸ ਕਮਾਈ ਕਰਮ ਵਾਲਾ ਕਰਮੁ ਹੀ ਹੈ। ਸ਼ਾਸਤਰਾਂ ਅਤੇ ਬੇਦਾਂ ਦੇ ਬਕਤਾ ਉਪਦੇਸ਼ਟਾ ਹੋ ਕੇ ਤੂੰ ਸੰਸਾਰੀ ਕਰਮ ਕਰਨਹਾਰਾ ਬਣ ਸਕਦਾ ਹੈਂ, ਕਿਉਂਕਿ ਇਹਨਾ ਸ਼ਾਸਤਰਾਂ ਬੇਦਾਂ ਦੀ ਵਿਦਿਆ ਅੰਦਰਿ ਤ੍ਰੈਗੁਣੀ ਕਰਮਾਂ ਦਾ ਹੀ ਵਿਸਥਾਰੁ ਦ੍ਰਿੜ੍ਹਾਉ ਹੈ। ਤਾਂ ਤੇ ਤ੍ਰੈਗੁਣੀ ਕਰਮਾਂ ਦੇ ਕਰਨ ਸਿਵਾਏ ਹੋਰ ਕਰਮੁ ਤੂੰ ਕਰ ਹੀ ਨਹੀਂ ਸਕਦਾ। ਅਤੇ ਇਹ ਆਨਮਤ ਕਰਮ ਸਭ ਪਾਖੰਡ ਕਰਮ ਹਨ। ਏਹਨਾ ਪਾਖੰਡ ਕਰਮਾਂ ਦੇ ਕੀਤਿਆਂ ਪਾਖੰਡ ਦੀ ਮੈਲ ਚੁਕੀ ਨਹੀਂ ਜਾਂਦੀ, ਸਗੋਂ ਚੜ੍ਹਦੀ ਹੈ। ਅਤੇ ਅੰਦਰਖ਼ਾਨੇ ਵਿਕਾਰਾਂ ਦੀ ਮੈਲ ਵਧਦੀ ਹੈ। ਤਾਂ ਤੇ ਕਰਮ-ਕਾਂਡੀ ਆਪਣੇ ਕੀਤੇ

ਵਿਕਾਰੀ ਕਰਮਾ ਦੇ ਜਾਲ ਵਿਚ ਫਸ ਕੇ ਆਪ ਹੀ ਤਬਾਹ ਹੋ ਜਾਂਦੇ ਹਨ। ਜਿਵੇਂ ਮਕੜੀ ਹੋਰ ਕੀੜਿਆਂ ਮਕੌੜਿਆਂ ਨੂੰ ਫਸਾਉਣ ਲਈ ਆਪਣੇ ਅੰਦਰਿ ਹੀ ਪਾਖੰਡ ਜਾਲ ਦਾ ਤਾਣਾ ਤਣ ਕੇ ਉਹਨਾਂ ਦੇ ਅੰਦਰਿ ਹੀ ਆਪਣੇ ਪਾਖੰਡ ਜਾਲੀ ਤਾਣੇ ਵਿਚ ਉਲਟੀ ਸਿਰ ਦੇ ਭਾਰ ਹੋ ਕੇ ਮਰ ਜਾਂਦੀ ਹੈ ॥੨॥

ਹੇ ਪੰਡਿਤ । ਤੂੰ ਪਾਖੰਡ-ਮਈ ਦਿਖਾਵੇ ਦੇ ਝੂਠੇ ਕੂੜਾਵੇ ਕਰਮ ਧਰਮ ਕਰਕੇ ਉਹਨਾਂ ਦੇ ਪਾਖੰਡ ਪਾਪ ਨਾਲਿ ਆਪਣੀ ਆਤਮਾ ਦਾ ਹੀ ਸਤਿਆਨਾਸ ਕਰਦਾ ਹੈਂ। ਏਸ ਦੂਰਮਤਿ ਖੋਟੀ ਮਤਿ ਨਾਲਿ ਵਿਗੁਚੀ ਹੋਈ ਘਣੀ ਲੋਕਾਈ ਖੀਨ ਖਰਾਬ ਅਤੇ ਖੁਆਰ ਹੋਈ, ਇਹ ਸਭਿ ਦੂਜੇ ਭਾਇ ਦੇ ਕਰਮਾਂ ਦੀ ਪਾਖੰਡ ਗਤੀ ਹੈ, ਜੋ ਸਿਰਫ ਭਰਮਾਂ ਦੇ ਭੁਲਾਵੇ ਵਿਚਿ ਹੀ ਪਾਉਂਦੇ ਹਨ। ਇਹ ਮਨ ਦਾ ਭਰਮਿ-ਭਟਕਣ ਮਈ ਅਗਿਆਨ, ਗੁਰਮਤਿ ਨਾਮ ਤੋਂ ਬਿਨਾਂ ਜਾਂਦੇ ਨਹੀਂ ਅਤੇ ਸੱਚੇ ਸਤਿਗੁਰੂ ਬਾਝੋਂ ਨਾਮ ਕਦੇ ਨਹੀਂ ਪਾਇਆ ਜਾਂਦਾ। ਗੁਰਮਤਿ ਨਾਮ ਦੁਆਰਾ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਅਤੇ ਇਹ ਸੱਚਾ ਸੁਖੁ ਸਤਿਗੁਰੂ ਦੇ ਸੇਵਕ ਸਿਖ ਬਣਿਆਂ ਹੀ ਪ੍ਰਾਪਤਿ ਹੁੰਦਾ ਹੈ। "ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ" ਦੇ ਵਾਕ ਅਨੁਸਾਰ ਸਚੇ ਸਤਿਗੁਰ ਦੀ ਸਚੀ ਸੇਵਾ,ਭਾਉ-ਭਗਤੀ ਸਿਮਰਨ ਹੀ ਸਭ ਤੋਂ ਉਤਮ ਸਤਿਗੁਰੂ ਦੀ ਸੇਵਾ ਹੈ। ਇਸ ਗੁਰਮਤਿ ਨਾਮ ਰੂਪੀ ਸੱਚੀ ਸੇਵਾ ਦੁਆਰਾ ਨਾ ਸਿਰਫ ਸੱਚੇ ਸੁਖ ਦੀ ਗਤਿ ਮਤਿ ਨਾਜ਼ਲ ਹੁੰਦੀ ਹੈ, ਬਲਕਿ ਜੰਮਣ ਮਰਣ ਦਾ ਆਵਾਗਉਣੀ ਸਿਲਸਿਲਾ ਭੀ ਮਿਟ ਮੁਕ ਜਾਂਦਾ ਹੈ। ਸੱਚੇ ਨਾਮ ਦੇ ਸਹਜ ਰੰਗਾਂ ਵਿਚਿ ਸਮਾਇਆ ਇਹ ਮਲੀਨ ਮਨ ਦੁਧ ਧੋਤਾ ਨਿਰਮਲ ਹੀ ਹੋ ਜਾਂਦਾ ਹੈ। ਕੇਵਲ ਗੁਰੂ ਘਰ ਵਿਚਿ ਹੀ ਗੁਰਮਤਿ ਗ੍ਰਹਿਣ ਕੀਤਿਆਂ ਆਤਮ ਸੁਖ ਦੀ ਸਹਿਜ ਬਿਵਸਥਾ ਨਸੀਬ ਹੁੰਦੀ ਹੈ। ਇਸ ਸਹਿਜ ਅਵਸਥਾ ਨੂੰ ਸੋਈ ਬੁਝਦਾ ਹੈ ਜੋ ਗੁਰੂ ਦਾ ਅੰਮ੍ਰਿਤਧਾਰੀ ਸਿਖ ਸੇਵਕ ਹੋ ਕੇ ਗੁਰੂ ਦਰਸਾਈ ਅਤੁਟ ਸੇਵਾ ਕਰਦਾ ਹੈ। ਸਤਿਗੁਰੂ ਬਾਝੋਂ, ਸਤਿਗੁਰ ਦੇ ਸੱਚੇ ਗੁਰਸਿਖ ਸੇਵਕ ਬਣੇ ਬਿਨਾ ਸੱਚੇ ਪਰਮਾਰਥ ਦੇ ਸੁਮਾਰਗ ਦਾ ਪਤਾ ਨਹੀਂ ਲਗਦਾ। ਸੁਮਾਰਗੇ ਪੈ ਹੀ ਨਹੀਂ ਸਕਦਾ ਗੁਰ ਸੁਮੱਤੇ ਲਗੇ ਬਿਨਾ। ਜਿਸ ਦੇ ਅੰਦਰਿ ਲੋਭ ਵਿਕਾਰ ਦੀ ਮੈਲ ਹੈ ਉਹ ਕਾਹਦੇ ਵਾਸਤੇ ਆਨਮਤਿ ਪਾਖੰਡ ਕਰਮ ਕਰਦੇ ਹਨ ? ਉਸ ਦੇ ਕਰਮ ਕਰਨ ਦਾ ਕੋਈ ਲਾਭ ਨਹੀਂ। ਉਹ ਕੂੜ ਬੋਲ ਕੇ ਬਿਖ (ਜ਼ਹਿਰ) ਖਾਂਦਾ ਹੈ ॥੩-੪॥

ਹੇ ਕੂੜ ਕਰਮਾਕਾਰੀ ਪੰਡਿਤ । ਦੁੱਧ ਤੋਂ ਜਮਾਏ ਹੋਏ ਦਹੀਂ (ਦੁੱਧ) ਰਿੜਕੇ ਤੋਂ ਹੀ ਮੱਖਣ ਰੂਪੀ ਤਤ ਵਿਚੋਂ ਨਿਕਲਦਾ ਹੈ। ਪਾਣੀ ਰਿੜਕੇ ਤੇ ਪਾਣੀ ਹੀ ਨਿਕਲਦਾ ਹੈ। ਏਸੇ ਤਰ੍ਹਾਂ ਨਾਮ ਬਿਨਾਂ ਹੋਰਨਾਂ ਫੋਕੇ ਕਰਮਾਂ ਦੇ ਕੀਤਿਆਂ ਕੋਈ ਸਫਲ ਫਲ ਪ੍ਰਾਪਤਿ ਨਹੀਂ ਹੁੰਦਾ। ਇਹ ਗੁਰਮਤਿ ਨਾਮੁ ਅਭਿਆਸ ਰੂਪੀ ਕਰਮ ਹੀ ਹੈ, ਜਿਸ ਦੇ ਕਮਾਇਆਂ ਸੱਚੇ ਸਫਲ-ਫਲੇ ਪ੍ਰਮਾਰਥੀ ਫਲ ਦੀ ਪ੍ਰਾਪਤੀ ਹੁੰਦੀ ਹੈ। ਸੰਸਾਰੀਆਂ ਦੇ ਸੰਸਾਰੀ ਕਰਮ ਪਾਣੀਓਂ ਪਤਲੇ ਕਰਮ ਹਨ। ਸਤਿਗੁਰੂ ਦਾ ਅੰਮ੍ਰਿਤਧਾਰੀ ਨਾਮ ਗੁਰਮੰਤਰ ਦੀਖਿਆਧਾਰੀ ਬਣੇ ਬਿਨਾਂ ਅਤੇ ਸੱਚਾ ਗੁਰਮਤਿ ਨਾਮ ਕਮਾਏ ਬਿਨਾਂ ਹੋਰ ਕਰਮਾਂ ਦੇ ਕੀਤਿਆਂ ਭਰਮਾਂ ਵਿਚਿ ਹੀ ਵਿਗੁੱਚੀਦਾ ਹੈ। ਅਲਖ ਪਾਰਬ੍ਰਹਮ ਪਰਮੇਸ਼ਰ ਦੀ, ਜੋ ਸਭ ਦੇ ਘਟ ਘਟ ਵਿਚਿ ਵਰਤ ਰਿਹਾ ਹੈ। ਪ੍ਰਾਪਤੀ ਨਹੀਂ ਹੁੰਦੀ, ਬਿਲਕੁਲ ਨਹੀਂ ਹੁੰਦੀ, ਗੁਰਮਤਿ ਨਾਮ ਅਭਿਆਸ ਰੂਪੀ ਸੱਚਾ ਸਿਫਤਿ ਸਾਲਾਹੀ ਕਰਮ ਕੀਤਿਆਂ ਉਹ ਘਟਿ ਘਟਿ ਗੁਪਤੇਉ ਸਮੇਉ ਅਲਖ ਦੇਵ ਘਟਿ ਅੰਤਰ ਹੀ ਪ੍ਰਕਾਸ਼ਤ ਹੋ ਕੇ ਪਰਗਟ ਪਾਹਾਰੇ ਪਰਤੱਖ ਜਾਪਣ ਲਗ ਪੈਂਦਾ ਹੈ ॥੫॥

ਇਹ ਜਗਤ-ਸੰਸਾਰ ਸੂਤ ਦੇ ਧਾਗੇ ਵਾਗ ਹੈ। ਇਸ ਦੇ ਚਾਰ ਚੁਫੇਰੇ ਦਹਦਿਸ ਮਾਇਆ ਦੇ ਬੰਧਨਾਂ ਦੁਆਰਾ ਗਠਾਂ ਬੰਨ੍ਹੀਆਂ ਹੋਈਆਂ ਹਨ। ਸਤਿਗੁਰੂ ਬਾਝੋਂ ਅਤੇ ਗੁਰਮਤਿ ਨਾਮ ਕਰਮ ਕਮਾਏ ਬਾਝੋਂ ਇਹ ਗੱਠਾਂ ਖੁਲ੍ਹਦੀਆਂ ਨਹੀਂ। ਬਥੇਰੇ ਕਰਮਾਕਾਰੀ ਕਰਮ ਕਮਾਇ ਥਕੇ ਹਨ। ਇਹ ਸਾਰਾ ਜਗ ਅਗਿਆਨ ਭਰਮ ਦਾ ਭੁਲਾਇਆ ਭੰਬਲ-ਭੂਸੇ ਖਾਂਦਾ ਫਿਰਦਾ ਹੈ। ਕੁਛ ਕਹਿਆਂ ਨਹੀਂ ਜਾਂਦਾ। ਅਕਹਿ ਹਾਲਤ ਹੈ ॥੬॥

ਗੁਰੂ ਮਿਲੇ ਤੋਂ ਨਿਗੁਰਿਓਂ ਸਗੁਰਾ ਹੋਏ ਤੇ ਵਾਹਿਗੁਰੂ ਦੀ ਭੈ ਭਾਉ-ਭਾਵਨੀ ਮਨ ਵਿਚਿ ਵਸਦੀ ਹੈ। ਭੈ ਦੁਆਰਾ ਆਪਾ ਭਾਵ ਦਾ ਅਭਾਵ ਹੋਣਾ ਹੀ ਸੱਚੇ ਸ਼ੁਭ ਭਾਗਾਂ ਵਾਲਾ ਲੇਖੁ ਹੈ। ਨਾਮੁ ਦਾਨ, ਇਸ਼ਨਾਨ ਇਹ

(ਬਾਕੀ ਪੰਨਾ ੧੯ ਤੇ ...)


www.AKJ.Org

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ (੨)

(ਗੁਰਪੁਰਵਾਸੀ ਭ. ਸਾ. ਭ. ਰਣਧੀਰ ਸਿੰਘ ਜੀ)

ਬਹੁਤ ਸਾਰੇ ਸੱਜਣ ਸੁਖ-ਰਹਿਣੀ ਰਹਿਤ ਦੇ ਗਿੱਝੇ ਹੋਏ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਤੱਤ ਗੁਰਮਤਿ ਦੇ ਉਲਟ ਇਹ ਅਨੁਮਾਨ ਲਾਉਣ ਲਗ ਪੈਂਦੇ ਹਨ ਕਿ ਉਪਰ ਦਿੱਤੇ ਅਨਵਾਨ ਵਾਲਾ ਸਾਰਾ ਗੁਰਵਾਕ ਉਨ੍ਹਾਂ ਦੇ ਖ਼ਿਆਲ ਅਨੁਸਾਰ ਨੀਵੀਂ ਘਟਨਾ ਉਪਰ ਘਟਦਾ ਹੈ। ਉਹ ਇਸ ਨੀਵੀਂ ਘਟਨਾ ਅਨੁਸਾਰ ਦੇਹੁਰੇ ਅਤੇ ਮਸੀਤ ਵਿਚ ਜਾਣ ਨੂੰ ਇਕਸਾਰ ਹੀ ਸਮਝ ਲੈਂਦੇ ਹਨ, ਹਾਲਾਂ ਕਿ ਸ੍ਰੀ ਦਸਮੇਸ਼ ਜੀ ਦਾ ਗੁਰਮਤਿ ਤੱਤ ਭਾਵ ਐਨ ਇਸ ਦੇ ਉਲਟ ਹੈ।

ਕਸੁਤੀ ਗੋਹੜ ਦੇ ਗਿੱਝੇ ਹੋਏ ਪੁਰਸ਼ ਇਹ ਅਨੁਮਾਨ ਲਾ ਬੈਠਦੇ ਹਨ ਕਿ ਬੇਸ਼ਕ ਕੋਈ ਦੇਹੁਰਾ ਮਸੀਤ ਆਦਿਕ ਕੁਸੰਗ ਅਸਥਾਨਾਂ ਵਿਖੇ ਭਰਮਦਾ ਫਿਰੇ, ਉਸ ਨੂੰ ਅਜਿਹੇ ਭ੍ਰਮਣ ਕਰਮ ਦਾ ਕੋਈ ਲੇਸ ਨਹੀਂ ਲਗਦਾ। ਹਾਲਾਂਕਿ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਏਸੇ ਤੱਤ ਗੁਰਮਤਿ ਭਿੰਨੇ ਗੁਰਵਾਕ ਅਨੁਸਾਰ ਇਨ੍ਹਾਂ ਆਨਮਤੀ ਕੁਸੰਗ-ਮੰਡਲਾਂ ਵਿਚ ਜਾਣਾ ਜ਼ਾਹਰਾ ਤੌਰ ਤੇ ਰੋਕਦੇ ਹਨ ਅਤੇ ਸਪੱਸ਼ਟ ਤੌਰ ਤੇ ਵਰਜਦੇ ਹਨ ਕਿ ਇਨ੍ਹਾਂ ਕੁਸੰਗ-ਮਈ ਗਿਝਾਵਿਆ ਵਿਚ ਹਰਗਿਜ਼ ਨ ਪਵੋ ।

ਸ੍ਰੀ ਦਸਮੇਸ਼ ਪਾਤਸ਼ਾਹ ਨੂੰ ਹਰਗਿਜ਼ ਇਹ ਗੱਲ ਮਨਜ਼ੂਰ ਨਹੀਂ ਕਿ ਉਨ੍ਹਾਂ ਦੇ ਤੱਤ-ਗੁਰਮਤੀ-ਗੁਰਸਿੱਖ ਐਵੇ ਆਵਾਗੌਨ ਹੀ ਇਹਨਾਂ ਆਨਮਤੀ ਅਸਥਾਨਾਂ ਤੇ ਭਰਮਦੇ ਭਟਕਦੇ ਫਿਰਨ। ਜੇਕਰ ਐਸਾ ਹੀ ਹੁੰਦਾ ਤਾਂ ਸ੍ਰੀ ਦਸਮੇਸ਼ ਜੀ ਬਚਿੱਤਰ ਨਾਟਕ ਸ੍ਰੀ ਮੁਖਵਾਕ ਬਾਣੀ ਦੇ ਛੇਵੇਂ ਅਧਿਆਇ ਵਿਚ ਆਨਮਤੀ ਪੂਜਾ ਤੋਂ ਆਪਣੇ ਗੁਰਸਿੱਖਾਂ ਨੂੰ ਕਦੇ ਨਾ ਵਰਜਦੇ। ਜੈਸਾ ਕਿ "ਕ੍ਰਿਸ਼ਨ ਬਿਸ਼ਨ" ਆਦਿਕ ਸਾਰੇ ਦੇਵਤਿਆਂ ਅਤੇ ਮੁਹੰਮਦ ਆਦਿਕ ਪੈਗ਼ੰਬਰਾਂ ਨੂੰ ਬਣਾ ਕੇ ਸੋਧਿਆ ਹੈ, ਜੋ ਇਨ੍ਹਾਂ ਵਾਕਾਂ ਤੋਂ ਪ੍ਰਸਿੱਧ ਹੈ :–

ਮਹਾਂਦੇਵ ਅਚੁੱਤ ਕਹਾਯੋ ॥ ਬਿਸ਼ਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮੁ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥
ਤਥਾ :- ਜੇ ਕੋਈ ਹੋਤ ਭਯੋ ਜਗਿ ਸਿਆਨਾ ॥ ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥
ਪਰਮ ਪੁਰਖ ਕਿਨਹੂੰ ਨਹ ਪਾਯੋ ॥ ਬੈਰ ਬਾਦ ਅਹੰਕਾਰ ਬਢਾਯੋ .... ॥੧੫॥
ਤਥਾ :- ਜਿਨ ਜਿਨ ਤਨਕ ਸਿੱਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੬॥
ਪੁਨਾ :- ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨਿ ਤਿਨਿ ਕ੍ਰਿਆ ਬ੍ਰਹਮ ਤਿਆਗੀ ॥
ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥
ਬ੍ਰਹਮਾ ਚਾਰੇ ਹੀ ਬੇਦ ਬਨਾਏ॥ ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥ ੧੯॥
ਪੁਨਾ :- ਮਹਾਦੀਨ ਤਬ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੇ ਰਾਜਾ ॥੨੬॥
ਤਿਨ ਭੀ ਏਕ ਪੰਥ ਉਪਰਾਜਾ॥ ਲਿੰਗ ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂੰ ਨ ਦ੍ਰਿੜ੍ਹਾਯੋ ॥੨੭॥
ਸਬ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂੰ ਨਾ ਪਛਾਨਾ ... ॥੨੮॥
(ਬਚਿਤ੍ਰ ਨਾਟਕ, ਅਧਿਆਇ ੬)

ਜਦੋਂ ਸ੍ਰੀ ਦਸਮੇਸ਼ ਮੁਖਵਾਕ ਸਪੱਸ਼ਟ ਤੌਰ ਤੇ ਇਉਂ ਦ੍ਰਿੜ੍ਹਾਉਂਦੇ ਹਨ ਕਿ ਉਪਰ ਦੱਸੇ ਅਨੁਸਾਰ ਬੇਦ ਕਤੇਬੀ ਕ੍ਰਿਆ ਸਭ ਖੰਡਨ ਰੂਪ ਹੈ, ਤਾਂ ਫੇਰ ਇਹ ਕਦੋਂ ਹੋ ਸਕਦਾ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਓਸੇ ਸ੍ਰੀ ਦਸਮੇਸ਼ ਮੁਖਵਾਕ ਵਿਖੇ ਦੇਹੁਰਾ ਤੇ ਮਸੀਤ ਆਦਿਕ ਆਨਮਤ ਅਸਥਾਨਾਂ ਦੀ ਪੂਜਾ ਪ੍ਰਤਿਪਾਦਨ ਕੀਤੀ ਗਈ ਹੋਵੇ ।

ਅਸਲ ਬਾਤ ਇਹ ਹੈ ਕਿ ਸ੍ਰੀ ਦਸਮੇਸ਼ ਜੀ ਨੇ ਇਸ ਸ੍ਰੀ ਮੁਖਵਾਕ ਦੁਆਰਾ ਸਪੱਸ਼ਟ ਤੌਰ ਤੇ ਇਹ ਸਿੱਧ ਕੀਤਾ ਹੈ ਕਿ ਹਰ ਪ੍ਰਾਣੀ ਮਾਤ੍ਰ ਜਿਸ ਜਿਸ ਮੱਤ-ਮਤਾਂਤਰ ਵਿਖੇ ਹੈ, ਸਭ ਕੋਈ ਗੁਰ-ਉਪਦੇਸ਼ ਦਾ ਅਧਿਕਾਰੀ ਹੈ। ਜੈਸਾ ਕਿ ਇਸ ਗੁਰਵਾਕ ਤੋਂ ਭੀ ਪ੍ਰਸਿੱਧ ਹੈ :–


www.AKJ.Org

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥

੪॥੩॥੫੦॥ ਸੂਹੀ ਮ: ੫, ਪੰਨਾ ੭੪੭-੪੮

ਤੱਤ ਭਾਵ ਸ੍ਰੀ ਦਸਮੇਸ਼ ਜੀ ਦੇ ਉਪਰ ਦੱਸੇ ਮੁਖਵਾਕਾਂ ਦਾ ਭੀ ਇਹੀ ਹੈ ਕਿ ਗੁਰਮਤਿ ਅੰਦਰ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ" ਵਾਲੀ ਹੀ ਘਟਨਾ ਘਟਾਈ ਗਈ ਹੈ। ਇਹਨਾਂ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਭਾਵ ਹਰਗਿਜ਼ ਨਹੀਂ, ਜੈਸਾ ਕਿ ਆਨਮਤ-ਗ੍ਰਸੇ ਢਿੱਲੜ ਪੁਰਸ਼ ਲਿਆ ਕਰਦੇ ਹਨ ਕਿ ਮਨੁੱਖ ਮਾਤ੍ਰ ਦੀ ਜਾਤੀ ਜਿੱਥੇ ਭੀ ਖੜੋਤੀ ਹੈ, ਉਥੇ ਹੀ ਉਸ ਦੀ ਮੁਕਤ ਹੈ, ਚਾਹੇ ਕਿਸੇ ਵੀ ਮੱਤ-ਮਤਾਂਤਰ ਵਿਖੇ ਕਿਉਂ ਨਾ ਹੋਵੇ। ਸ੍ਰੀ ਗੁਰੂ ਦਸਮੇਸ਼ ਜੀ ਦਾ ਇਨ੍ਹਾਂ ਉਪਰ ਦੱਸੇ ਵਾਕਾਂ ਅਨੁਸਾਰ ਇਹ ਭਾਵ ਉਕਾ ਹੀ ਨਹੀਂ ਕਿ ਬਿਨਾਂ ਅੰਮ੍ਰਿਤ ਛਕਾਏ ਦੇ ਹਰ ਕੋਈ ਮਤ-ਮਤਾਂਤਰ, ਪ੍ਰਾਣੀ ਮਾਤ੍ਰ ਗੁਰਮਤਿ ਦ੍ਰਿੜ੍ਹਾਈ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ ।

ਜੋ ਜਨ ਡਰਪੋਕ ਹਨ ਅਤੇ ਬਣੇ ਬਣਾਤੇ ਮੋਮਨ ਬਣਨਾ ਚਾਹੁੰਦੇ ਹਨ, ਉਹ ਪੁਰਸ਼ ਐਸਾ ਭਾਵ ਇਨ੍ਹਾਂ ਗੁਰਵਾਕਾਂ ਦੀ ਰੌਸ਼ਨੀ ਵਿਚੋਂ ਕੱਢ ਲਿਆ ਕਰਦੇ ਹਨ ਕਿ ਹਰੇਕ ਮੱਤ ਅੰਦਰ ਹੁੰਦਿਆਂ ਹੋਇਆਂ ਹਰ ਪ੍ਰਾਣੀ ਨੂੰ ਕਲਿਆਣ-ਗਤੀ ਪ੍ਰਾਪਤ ਹੋ ਸਕਦੀ ਹੈ। ਤਿਨ੍ਹਾਂ ਭੱਦਰ ਪੁਰਸ਼ਾਂ ਨੂੰ ਇਹ ਗੱਲ ਨਿਸਚੇ ਹੀ ਨਹੀਂ ਕਿ ਬਿਨਾਂ ਗੁਰਮਤਿ ਦੀ ਸੱਚੀ ਰੋਸ਼ਨੀ (:ਜਪੀਵ) ਦੇ ਗ੍ਰਹਿਣ ਕੀਤੇ ਦੇ (ਜੋ ਗੁਰੂ ਘਰ ਤੋਂ ਅੰਮ੍ਰਿਤ ਛਕੇ ਤੇ ਹੀ ਪ੍ਰਾਪਤ ਹੋ ਸਕਦੀ ਹੈ) ਕਿਵੇਂ ਕੋਈ ਪੁਰਸ਼ ਸੱਚੜੀ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ। ਏਸੇ ਬਿਧਿ ਅਕਸਰ ਰਾਗੀ ਅਤੇ ਉਪਦੇਸ਼ਕ, ਜੋ ਗੁਰੂ ਘਰ ਦੇ ਸ਼ਰਧਾਲੂ ਸਦਾਉਂਦੇ ਹਨ, ਅਕਸਰ ਇਹੀ ਤਾਤਪਰਜ ਲੈ ਕੇ, ਏਸੇ ਪ੍ਰਕਾਰ ਦੇ ਸ੍ਰੀ ਦਸਮੇਸ਼-ਬਚਨਾਂ ਨੂੰ ਉਚਾਰਿਆ ਕਰਦੇ ਹਨ, ਜਿੰਨ੍ਹਾਂ ਤੋਂ ਆਮ ਲੋਕਾਂ ਨੂੰ ਇਹੀ ਟਪਲਾ ਲੱਗੇ ਕਿ ਹਰ ਕੋਈ ਆਪੋ ਆਪਣੇ ਮੱਤ ਅਨੁਸਾਰ ਨਿਸਤਰ ਸਕਦਾ ਹੈ, ਹਾਲਾਂਕਿ ਸ੍ਰੀ ਦਸਮੇਸ਼-ਵਾਕਾਂ ਦੀ ਕਦਰ ਕੀਮਤ ਐਨ ਪਹਿਲੀਆਂ ਪਾਤਸ਼ਾਹੀਆਂ ਦੇ ਗੁਰਵਾਕਾਂ ਅਨੁਸਾਰ ਹੈ। ਸ੍ਰੀ ਦਸਮੇਸ਼ ਜੀ ਦੇ ਉਚਰੇ ਹੋਏ ਸ੍ਰੀ ਮੁਖਵਾਕਾਂ ਵਿਖੇ ਦੁਚਿਤਾਈ ਅਤੇ ਭਿੰਨ ਭਿੰਨ ਭਾਵ ਭੇਤਤਾਈ ਨਹੀਂ ਹੋ ਸਕਦੀ। ਉਪਰ ਦੱਸੀ ਵਿਆਖਿਆ ਅਨੁਸਾਰ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਸਦਰਸ਼ ਸਾਰੇ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਹੀ ਭਾਵ ਹੈ ਜੈਸਾ ਕਿ ਉਪਰ ਦਰਸਾਇਆ ਗਿਆ ਹੈ। ਗੁਰੂ ਘਰ ਦੇ ਰਾਗੀ ਅਤੇ ਉਪਦੇਸ਼ਕ ਕਹਾਉਣ ਵਾਲੇ, ਸੁਖ ਰਹਿਣੀਏ ਸਜਣ ਕੇਵਲ ਆਪਣੇ ਮਨ ਦੀ ਨੀਵੀਂ ਦਸ਼ਾ ਹੀ ਪ੍ਰਗਟਾਉਂਦੇ ਹਨ, ਜਦੋਂ ਕਿ ਇਸ ਪ੍ਰਕਾਰ ਦਸਦੇ ਹਨ ਕਿ ਹਰੇਕ ਮੱਤ-ਮਤਾਂਤਰ ਦਾ ਪ੍ਰਾਣੀ ਆਪੋ ਆਪਣੇ ਥਾਉਂ ਖਲੋਤਾ ਤੱਤ ਮੋਖਸ਼ ਨੂੰ ਪ੍ਰਾਪਤ ਹੋ ਸਕਦਾ ਹੈ ।

ਗੁਰਮਤਿ ਭਾਵ ਐਸੇ ਗੂੜ੍ਹ ਹਨ ਕਿ ਉਨ੍ਹਾਂ ਦੀ ਤੱਤ ਸਮ-ਦਰਸਤਾ ਘਟਾਉਣੀ ਬੜੀ ਔਖੀ ਹੋ ਸਕਦੀ ਹੈ; ਪ੍ਰੰਤੂ ਸ੍ਰੀ ਦਸਮੇਸ਼ ਜੀ ਦੇ ਮਹਾਂ ਸ੍ਰੀ ਮੁਖਵਾਕ ਖ਼ੂਬ ਤੱਤ ਨਿਰਣਾ ਕਰ ਦਿੰਦੇ ਹਨ। ਕਈ ਭੱਦਰ ਪੁਰਸ਼ ਸ੍ਰੀ ਗੁਰੂ ਨਾਨਕ ਸਾਹਿਬ ਪਹਿਲੀ ਪਾਤਸ਼ਾਹੀ ਦੇ ਏਸ ਗੁਰਵਾਕ ਦਾ ਬੜੀ ਉਲਟੀ ਦਸ਼ਾ ਵਿਚ ਭਾਵਾਰਥ ਕਰਦੇ ਹਨ। ਯਥਾ :—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ... ੧॥(੧੦)

(ਸਲੋਕ ਮ: ੩, ਵਾਰ ਬਿਲਾਵਲ, ਪੰਨਾ ੮੫੩)

ਏਸ ਦਾ ਭਾਵ ਉਹ ਪੁਰਸ਼ ਇਉਂ ਲੈ ਲੈਂਦੇ ਹਨ ਕਿ ਗੁਰੂ ਸਾਹਿਬ ਨੇ ਸਾਫ਼ ਦਰਸਾਇਆ ਤੇ ਦ੍ਰਿੜ੍ਹਾਇਆ ਹੈ ਕਿ ਉਧਰਨ ਦੇ ਦੁਆਰ ਅਨੇਕ ਹਨ। ਦੇਖੋ ਗੁਰੂ ਸਾਹਿਬ ਜੀ ਲਿਖਦੇ ਹਨ ਕਿ "ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ ॥ "ਓਹ ਲੋਕ ਸਮਝਦੇ ਹਨ ਕਿ ਇਸ ਗੁਰਵਾਕ ਦੁਆਰਾ ਸ੍ਰੀ ਗੁਰੂ ਸਾਹਿਬ ਨੇ ਖੁਲ੍ਹ ਦਿੱਤੀ ਹੈ ਕਿ ਗੁਰਮਤਿ ਨੂੰ ਛੱਡ ਕੇ ਹੋਰ ਦੁਆਰੇ ਭੀ ਸਹੇੜੇ ਜਾ ਸਕਦੇ ਹਨ, ਪ੍ਰੰਤੂ ਉਨ੍ਹਾਂ ਨੂੰ ਇਹ ਸੂਝ ਬੂਝ ਨਹੀਂ ਕਿ ਇਸ ਗੁਰਵਾਕ ਦਾ ਤੱਤ ਭਾਵ ਕੀ ਹੈ ?



www.AKJ.Org

ਸ੍ਰੀ ਗੁਰੂ ਸਾਹਿਬ ਜੀ ਦਾ ਦਰਸਾਇਆ ਦੁਆਰਾ ਇੱਕੋ ਹੀ ਹੈ, ਅਨੇਕ ਨਹੀਂ। ਗੁਰਮਤਿ ਦੁਆਰੇ ਜੋ ਗੁਰਮੁਖਿ ਜਗਿਆਸੂ ਦੇ ਗ੍ਰਹਿਣ ਕਰਨ ਜੋਗ ਹਨ, ਓਹ ਏਸੇ ਗੁਰਵਾਕ ਦੇ ਭਾਵ ਅਨੁਸਾਰ ਅਨੇਕ ਨਹੀਂ। ਗੁਰਮਤਿ ਅਨੁਸਾਰ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਣਾ ਭੀ ਇਕ ਵਸੀਲਾ (ਦੁਆਰਾ) ਹੈ, ਵਾਹਿਗੁਰੂ ਦੇ ਪਾਉਣ ਦਾ। ਗੁਰਸਿੱਖਾਂ ਦੀ ਸੇਵਾ ਕਰਨੀ ਭੀ ਇੱਕ ਜ਼ਰੀਆ (ਦੁਆਰਾ) ਹੈ ਵਾਹਿਗੁਰੂ-ਪ੍ਰਾਪਤੀ ਨਾ ਕਿ ਅਨੇਕ ? ਜੇ ਅਨੇਕ ਹੋਰ ਦੁਆਰੇ ਅਨਮਤੀ ਦੁਆਰੇ ਭੀ ਹੁੰਦੇ ਤਾਂ "ਹੋਰੁ ਦੁਆਰਾ ਕੋਇ ਨ ਸੁਝੈ" ਭਾਵ ਵਾਲੇ ਵਾਕ ਅੰਕਤ ਕਿਉਂ ਹੁੰਦੇ ਅਤੇ ਸ੍ਰੀ ਦਸਮੇਸ਼ ਜੀ ਇਉਂ ਉਚਾਰਨ ਕਿਉਂ ਕਰਦੇ "ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ"? ਜਿਸ ਤੋਂ ਸਾਫ਼ ਸਪੱਸ਼ਟ ਹੈ ਕਿ ਸੱਚੇ ਪਾਤਸ਼ਾਹ ਨੇ ਇੱਕੋ ਅਕਾਲ ਪੁਰਖ ਦਾ ਦੁਆਰਾ ਹੀ ਦਸਿਆ ਹੈ। ਸੋਈ ਗੁਰਮਤਿ ਅਨੁਸਾਰ ਤੱਤ ਦੁਆਰਾ ਹੈ। ਸ੍ਰੀ ਗੁਰੂ ਦਸਮੇਸ਼ ਜੀ ਹੋਰ ਭੀ ਇਸ ਗੱਲ ਨੂੰ ਅੱਗੇ ਚਲ ਕੇ ਸਪੱਸ਼ਟ ਕਰਦੇ ਹਨ :-

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ ॥੮੬੩॥

(ਰਾਮਾ ਅਵਤਾਰ, ਦਸਮ ਗ੍ਰੰਥ)

ਇਸ ਗੁਰਵਾਕ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਗੁਰਮਤਿ-ਮਾਰਗ, ਬੇਦ ਕਤੇਬੀ ਮਤ ਤੋਂ ਉਕਾ ਹੀ ਨਿਆਰਾ ਅਤੇ ਵਿਲੱਖਣ ਹੈ। ਏਥੇ ਉਹ ਕੋਈ ਭੀ ਗੁੰਜਾਇਸ਼ ਨਹੀਂ ਬੇਦ ਕਤੇਬ ਰਾਮ ਰਹੀਮ ਦੇ ਪੂਜਣ ਦੀ ।

ਕਈ ਮਿਲਗੋਭਾਪਣ ਦੇ ਪੁਜਾਰੀ "ਹਮ ਏਕ ਨਾ ਜਾਨਯੋ" ਵਾਲੀ ਤੁਕ ਦਾ ਅਨੁਵਾਦ ਇਸ ਪ੍ਰਕਾਰ ਭੀ ਕਰ ਲਿਆ ਕਰਦੇ ਹਨ ਅਤੇ ਜਾਣ ਬੁੱਝ ਕੇ ਕਰਦੇ ਹਨ ਕਿ ਗੁਰੂ ਸਾਹਿਬ ਨੇ ਤਾਂ ਜਾਣਿਆ ਹੀ ਨਹੀਂ, ਭਾਵ ਉਨ੍ਹਾਂ ਨੂੰ ਪਤਾ ਕੁਝ ਨਹੀਂ ਸੀ। ਇਹ ਉਨ੍ਹਾਂ ਦੀ ਸਪੱਸ਼ਟ ਭੁੱਲ ਹੈ ਤੇ ਨਿਰਾ ਮੋਮਨਪੁਣਾ ਹੈ । ਸਿਵਾਏ ਗੁਰਮਤਿ ਦੁਆਰੇ ਦੇ ਹੋਰ ਕੋਈ ਭੀ ਦੁਆਰਾ ਨਹੀਂ, ਪ੍ਰਾਣੀਆਂ ਦੇ ਉਧਾਰ ਕਰਨ ਲਈ । ਤਾਂਤੇ ਇਹ ਗੱਲ ਸਪੱਸ਼ਟ ਸਿੱਧ ਹੋ ਗਈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦਾ ਭਾਵ ਗੁਰਮਤਿ ਅਨਕੂਲ ਤਦੇ ਹੀ ਬਣਦਾ ਹੈ ਜੇਕਰ ਸ੍ਰੀ ਦਸਮੇਸ਼ ਜੀ ਦੇ ਤੱਤ ਗੁਰਮਤਿ ਆਸ਼ੇ ਨੂੰ ਸਪੱਸ਼ਟ ਤੌਰ ਤੇ ਸਮਝਿਆ ਜਾਵੇ ।

ਕੋਊ ਭਇਓ ਮੁੰਡੀਆਂ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ... ॥੧੫॥੮੫॥ (ਅਕਾਲ ਉਸਤਤਿ ਪਾ : ੧੦)

ਏਸ ਪੰਗਤੀ ਦਾ ਹਰਗਿਜ਼ ਇਹ ਭਾਵ ਨਹੀਂ ਜੈਸਾ ਕਿ ਅਕਸਰ ਮੋਮਨਪੁਣੇ ਦੁਆਰਾ ਸਮਝਿਆ ਜਾਂਦਾ ਹੈ ਕਿ ਮਨੁੱਖ ਦੀ ਜਾਤਿ ਸਭ ਏਕੋ ਹੀ ਹੈ, ਚਾਹੇ ਕੋਈ ਜਤੀ ਬਣਿਆ ਰਹੇ, ਸੰਨਿਆਸੀ ਅਥਵਾ ਜੋਗੀ ਜਾਂ ਬ੍ਰਹਮਚਾਰੀ ਬਣਿਆ ਰਹੇ।

ਆਨਮਤੀ ਜੋਗੀਆਂ, ਸੰਨਿਆਸੀਆਂ, ਬ੍ਰਹਮਚਾਰੀਆਂ ਆਦਿ ਨੂੰ ਸਾਰੇ ਗੁਰੂ ਸਾਹਿਬਾਨ ਨੇ ਚੰਗੀ ਤਰ੍ਹਾਂ ਸੋਧਿਆ ਹੈ। ਤਦ ਅਸੀਂ ਮੋਮਨਾਂ ਦੇ ਕਹੇ ਤੇ ਇਹ ਗੱਲ ਕਿਵੇਂ ਮੰਨ ਲਈਏ ਕਿ ਜੋਗੀ ਜਤੀ ਸੰਨਿਆਸੀ ਸਭ ਆਨਮਤੀਆਂ ਦਾ ਤੱਤ ਗੁਰਮਤਿ ਅਨੁਸਾਰ ਨਿਸਤਾਰਾ ਹੈ। ਬਲਕਿ ਸ੍ਰੀ ਗੁਰੂ ਸਾਹਿਬ ਜੀ ਦਾ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਦੁਆਰਾ ਸਾਰੇ ਆਨ-ਮਤੀਆਂ ਲਈ ਖੁਲ੍ਹਾ ਹੈ ਅਤੇ ਅੰਮ੍ਰਿਤ ਛਾਕਏ ਤੇ ਹੀ ਉਨ੍ਹਾਂ ਦਾ ਨਿਸਤਾਰਾ ਹੋਣਾ ਹੈ। ਅਗਲੀ ਤੁਕ, ਜੋ ਇਉਂ ਕਥਨ ਹੈ :-

ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ.....॥੮੫॥ (ਅਕਾਲ ਉਸਤਤਿ ਪਾ. ੧੦)

ਹਿੰਦੂ ਤੁਰਕ ਸਾਰੇ ਹੀ ਆਨਮਤ ਰਾਫ਼ਜ਼ੀ ਇਮਾਮ ਸਾਫ਼ੀ ਵਾਲੇ ਤੱਤ ਗੁਰਮਤਿ ਅਨੁਸਾਰ ਸੋਧੇ ਬਿਨਾ ਕਦੇ ਭੀ ਰਾਹੇ-ਰਾਸਤ ਤੇ ਨਹੀਂ ਆ ਸਕਦੇ। ਸ੍ਰੀ ਗੁਰੂ ਦਸਮੇਸ਼ ਜੀ ਨੇ ਇਹਨਾਂ ਆਨਮਤੀ ਕੁਸੰਗੀਆਂ ਦੀ ਖ਼ੂਬ ਹੀ ਬਣਾ ਕੇ ਸੋਧਣਾ ਕੀਤੀ ਹੈ। ਦੇਖੋ ਇਹਦਾ ਉਲਟਾ ਅਰਥ ਲੈਣ ਵਾਲੇ ਅਪਣੀ ਹੀ ਕਨਿਸ਼ਟ ਬੁਧੀ


www.AKJ.Org

ਅਨੁਸਾਰ ਹੋਰ ਦਾ ਹੋਰ ਹੀ ਭਾਵ ਬਣਾ ਲੈਂਦੇ ਹਨ। ਜੈਸਾ ਕਿ ਸ੍ਰੀ ਗੁਰੂ ਦਸਮੇਸ਼ ਜੀ ਨੇ :–

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਇਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥
(ਅਕਾਲ ਉਸਤਤਿ ਪਾ : ੧੦)

ਇਸ ਸ੍ਰੀ ਮੁਖਵਾਕ ਦੁਆਰਾ ਸਪੱਸ਼ਟ ਤੌਰ ਤੇ ਸਾਰੇ ਮੱਤਾਂ ਦੇ ਆਨਮਤੀ ਸਾਧਾਂ ਸੰਤਾਂ ਨੂੰ ਨੀਵਾਂ ਜਣਾਇਆ ਹੈ। ਪ੍ਰੰਤੂ ਮੋਮਨ ਪੁਰਸ਼ ਅਜੇ ਭੀ ਇਸ ਵਾਕ ਦੀ ਦੂਜੀ ਤੁਕ ਦਾ ਇਹ ਅਨੁਵਾਦ ਕਰਦੇ ਸੰਗਦੇ ਨਹੀਂ ਕਿ ਮਹਾਰਾਜ ਨੇ ਅਨੇਕ ਮੱਤੀਆ ਦੇ ਸੰਤਾਂ ਨੂੰ ਇਕੋ ਸ਼੍ਰੇਣੀ ਵਿਚ ਰਖਿਆ ਹੈ ਅਤੇ ਉਹ ਹਰੇਕ ਮੱਤ ਅਨੁਸਾਰ ਹੀ ਨਿਸਤਾਰੇ ਜਾ ਸਕਦੇ ਹਨ। ਇਹ ਰੰਚਕ ਮਾਤ੍ਰ ਭੀ ਨਹੀਂ ਵੀਚਾਰਦੇ ਕਿ ਇਹ ਆਪੇ ਬਣ ਬੈਠੇ ਸ੍ਰੇਵੜੇ ਸਿੱਧ ਸਾਧਿਕ ਆਦਿਕਾਂ ਵਿਚੋਂ ਭੀ ਕੋਈ ਭੀ ਪਖੰਡੀ ਪੁਰਸ਼ ਪ੍ਰਮਾਤਮਾ ਪ੍ਰਾਣਪਤੀ ਨੂੰ ਨਹੀਂ ਪਾ ਸਕਦਾ ਅਤੇ ਨਾ ਹੀ ਕੋਈ ਦੇਖ ਸਕਦਾ ਹੈ। ਵਾਹਿਗੁਰੂ ਦੀ ਸੱਚੀ ਪ੍ਰੀਤੀ ਬਿਨਾਂ, ਇਕ ਰਤੀ ਬਿਨਾਂ ਇਹ ਸਾਰੇ ਮੱਤ-ਮਤਾਂਤਰ ਕਿਸੇ ਕੌਡੀ ਦੇ ਲੇਖੇ ਵੀ ਨਹੀਂ ਪੈਂਦੇ। ਇਹ ਸਾਫ਼ ਸਿੱਟਾ ਗੁਰੂ ਸਾਹਿਬ ਨੇ ਕੱਢ ਦਿੱਤਾ ਹੈ। ਇਸੇ ਪ੍ਰਕਾਰ ਹੀ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲਾ ਸਾਰਾ ਸ੍ਰੀ ਮੁਖਵਾਕ ਤੱਤ ਗੁਰਮਤਿ ਅਨੁਸਾਰ ਵੀਚਾਰ ਲਵੋ ਕਿ ਇਸ ਗੁਰਵਾਕ ਅੰਦਰ ਕਿਤੇ ਭੀ ਆਨਮਤੀ ਪੂਜਾ, ਕਿਸੇ ਭੀ ਮੱਤ ਦੀ ਨਹੀਂ ਦਰਸਾਈ ਦ੍ਰਿੜ੍ਹਾਈ। ਬਲਕਿ ਸੱਚੇ ਪਾਤਸ਼ਾਹ ਦਾ ਸਾਫ਼ ਇਹੋ ਭਾਵ ਹੈ ਕਿ ਗੁਰਮਤਿ ਅੰਦਰ ਜਾਤ ਪਾਤ ਦਾ ਕੋਈ ਵਿਤਕਰਾ ਅੰਮ੍ਰਿਤ ਨਹੀਂ। ਅੰਮ੍ਰਿਤ ਛਕ ਕੇ ਸਭ ਵਰਨਾ ਦੇ ਇਕੋ ਭਾਈ, ਗੁਰਮਤਿ ਜਾਤ ਦੇ ਇਕੋ ਭਾਈ ਬਣ ਜਾਂਦੇ ਹਨ।

ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨ ਭੇਦ ਕੋਈ, ਭੂਲ ਭ੍ਰਮ ਮਾਨਬੋ ... ॥੧੫॥੮੫॥ (ਅਕਾਲ ਉਸਤਤਿ ਪਾ : ੧੦)

ਕੇਵਲ ਭੁੱਲੇ ਭ੍ਰਮੇ ਹੋਏ ਪੁਰਖ ਹੀ ਇਸ ਮਾਨਸ ਜਾਤੀ ਦੇ ਭੇਦ ਨੂੰ ਮੰਨਦੇ ਹਨ। ਲੋਕ ਬਣੇ ਬਣਾਤੇ ਹੀ ਆਨ-ਮੱਤ ਪੂਜਾ ਨੂੰ ਗੁਰਮਤਿ ਅੰਦਰ ਥਾਉਂ ਦਿੰਦੇ ਹਨ। ਗਰੂ ਪਾਤਸ਼ਾਹ ਦਾ ਸਪੱਸ਼ਟ ਭਾਵ ਇਹ ਹੈ ਕਿ ਇਹ ਭ੍ਰਮ ਭੇਦ ਤਦੇ ਹੀ ਮਿਟਦਾ ਹੈ ਜੇਕਰ ਗੁਰਮਤਿ ਦਾਇਰੇ ਵਿਚ ਆ ਕੇ ਸਾਰੇ ਪ੍ਰਾਣੀ ਆਨਮੱਤਾਂ ਦੇ, ਅੰਮ੍ਰਿਤ ਛਕ ਕੇ ਇਕੋਂ ਹੀ ਹੋ ਜਾਣ ।

"ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ, ਸਬੈ ਏਕੈ ਜੋਤਿ ਜਾਨਬੋ" ਵਾਲੀ ਗੁਰਵਾਕ-ਪੰਗਤੀ ਸਪੱਸ਼ਟ ਫ਼ੈਸਲਾ ਕਰਦੀ ਹੈ ਕਿ ਸਾਰੇ ਪ੍ਰਾਣੀਆਂ ਦਾ ਇਕੋਂ ਹੀ ਗੁਰਦੇਵ ਹੋ ਸਕਦਾ ਹੈ। ਇਹ ਤਦੇ ਹੀ ਹੋ ਸਕਦਾ ਹੈ ਜੇਕਰ ਸਭ ਪ੍ਰਾਣੀ ਅੰਮ੍ਰਿਤ ਛਕ ਕੇ ਇਕੋ ਗੁਰਮਤਿ ਵਾਲੀ ਮਤਿ ਦੇ ਹੋ ਜਾਣ। ਸਾਰਿਆਂ ਦਾ ਇਕੋ ਗੁਰਦੇਵ ਤਦੇ ਹੋ ਸਕਦਾ ਹੈ ਜੇ ਪ੍ਰਮਾਰਥਕ ਵਿਧੀ ਅਨੁਸਾਰ ਪ੍ਰਮਾਰਥੀ ਬਣ ਕੇ ਗੁਰਦੇਵ ਧਾਰਨ। ਨਹੀਂ ਤਾਂ ਔਝੜ ਪਏ ਹੋਏ ਗੁਰਮਤਿ ਵਿਹੂਣੇ ਚੋਟਾਂ ਹੀ ਖਾਣਗੇ। ਇਸੇ ਪ੍ਰਕਾਰ ਅਗਲੇ ਸਮੁੱਚੇ ਸ੍ਰੀ ਦਸਮੇਸ਼ ਵਾਕ ਇਹ ਹੀ ਦ੍ਰਿੜ੍ਹਾਉਂਦੇ ਹਨ ਕਿ ਗੁਰਮਤਿ ਤੱਤ ਅਨੁਸਾਰ ਹਰੇਕ ਪ੍ਰਾਣੀ ਦਾ ਨਿਸਤਾਰਾ ਤਦੇ ਹੋ ਸਕਦਾ ਹੈ ਜੇਕਰ ਉਸ ਸਾਊ ਬਣ ਕੇ, ਸੁੱਚਮਤਾ ਧਾਰਨ ਕਰ ਕੇ ਸੱਚੇ ਗੁਰੂ ਦਾ ਦੁਆਰਾ ਗ੍ਰਹਿਣ ਕਰ ਲੈਣ, ਨਹੀਂ ਤਾਂ ਉਨ੍ਹਾਂ ਦਾ ਠਿਕਾਣਾ ਹੀ ਕੋਈ ਨਹੀਂ। ਹਰ ਪ੍ਰਾਣੀ ਮਾਤ੍ਰ ਦੇ ਇਕਸਾਰ ਨੈਨ ਬੈਨ ਕੰਨ ਆਦਿਕ ਹਨ। ਇਨ੍ਹਾਂ ਵਿਤਕਰਿਆਂ ਵਿੱਚ ਪੈ ਕੇ ਉਹ ਆਪਣਾ ਜਨਮ ਬਿਰਥਾ ਗੰਵਾ ਲੈਂਦੇ ਹਨ ।

ਗੁਰੂ ਘਰ ਅੰਦਰ ਕੋਈ ਭੀ ਭੇਦ ਨਹੀਂ। ਆਨਮਤਿ ਦੇ ਗਾਹਕ ਢਿੱਲੜ ਪੁਰਸ਼ ਇਹਨਾਂ ਗੁਰਵਾਕਾਂ ਦਾ ਭਾਵ ਢਿੱਲਾ ਹੀ ਲੈਂਦੇ ਹਨ ਅਤੇ ਇਹੋ ਹੀ ਦ੍ਰਿੜ੍ਹ ਕਰੀ ਬੈਠੇ ਹਨ ਕਿ ਮਨੁੱਖ ਮਾਤਰ ਦਾ ਕਲਿਆਣ ਇਵੇਂ ਹੀ ਹੋ ਸਕਦਾ ਹੈ, ਜੋ ਉਨ੍ਹਾਂ ਦੀ ਫੋਕੀ ਡੀਂਗ ਹੈ।

ਇਸੇ ਫੋਕੀ ਡੀਂਗ ਦੇ ਅਧੀਨ ਹੋ ਕੇ ਪ੍ਰਸਿੱਧ ਪੁਲੀਟੀਕਲ ਨੇਤਾ ਫੋਕੀਆਂ ਡੀਂਗਾਂ ਮਾਰਨੋਂ ਸੰਕੋਚਦੇ ਨਹੀਂ ਕਿ ਮੁਲਕ ਦਾ ਭਲਾ ਇਸ ਵਿਚ ਹੀ ਹੈ ਕਿ ਉਹ ਉਨ੍ਹਾਂ ਦੀ ਹਦਾਇਤ ਅਨੁਸਾਰ ਜਾਤ ਪਾਤ ਦੇ


www.AKJ.Org

ਵਿਤਕਰੇ ਨੂੰ ਛੱਡ ਕੇ ਅਕਾਲ ਪੁਰਖ ਤੋਂ ਮੁਨਕਰ ਹੋ ਬੈਠਣ, ਅਰਥਾਤ ਉਹ ਇਹ ਚਾਹੁੰਦੇ ਹਨ ਕਿ ਹਰ ਪ੍ਰਾਣੀ ਮਾਤ੍ਰ ਆਪੋਂ ਹੀ ਜਾਤ ਪਾਤ ਦੀ ਰੰਗਣਾ ਵਿਚ ਰੰਗੀਜਿਆ ਜਾ ਸਕਦਾ ਹੈ। ਇਸੇ ਖ਼ਿਆਲ ਨੂੰ ਮੁੱਖ ਰੱਖ ਕੇ ਹਰੀਜਨਾਂ ਦੀ ਲਹਿਰ ਚਲਾਈ ਗਈ। ਉਨ੍ਹਾਂ ਦੇ ਖ਼ਿਆਲ ਅੰਦਰ ਇਹ ਜਾਚਿਆ ਹੋਇਆ ਹੈ ਕਿ ਹਰੀਜਨ ਆਪੋਂ ਹੀ ਉਧਰ ਸਕਦੇ ਹਨ ਇਹ ਇਕ ਪ੍ਰਕਾਰ ਪ੍ਰਮਾਤਮਾ ਦੇ ਨਾਲ ਪੂਰੀ ਹਮਸਰੀ (ਬਰਾਬਰੀ) ਦਾ ਖ਼ਿਆਲ ਹੈ। ਇਸੇ ਕੋਝੇ ਖ਼ਿਆਲ ਕਰਕੇ ਉਨ੍ਹਾਂ ਨੇ ਹਰੀਜਨਾਂ ਨੂੰ ਉਭਾਰਨ ਲਈ ਰੀਜ਼ਰਵ ਸੀਟਾਂ ਆਪਣੇ ਪੁਲੀਟੀਕਲ ਏਜੰਡੇ ਵਿੱਚ ਰੱਖੀਆਂ ਹੋਈਆਂ ਹਨ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦਾ ਇਹੀ ਲੋਕ ਕੋਝਾ ਅਰਥ ਬਣਾਉਂਦੇ ਹਨ ਕਿ ਹਰੇਕ ਮੱਤ-ਮਤਾਂਤਰੀ ਅਵਸਥਾ ਵਾਲੇ ਪ੍ਰਾਣੀ ਮਾਤ੍ਰ , ਬਿਨਾ ਪ੍ਰਮਾਤਮਾ ਦੀ ਪ੍ਰਮਾਰਥੀ ਸਹਾਇਤਾ ਦੇ ਹੀ, ਉਧਰ-ਪੁੱਧਰ ਸਕਦੇ ਹਨ। ਇਹ ਗੱਲ ਨੂੰ ਉਹ ਉਕਾ ਹੀ ਨਹੀਂ ਵਿਚਾਰਦੇ ਕਿ ਪ੍ਰਮਾਤਮਾ ਨੇ ਤਿਨ੍ਹਾਂ ਹਰੀਜਨਾਂ ਦੇ ਪੂਰਬਲੇ ਕਰਮਾਂ ਅਨੁਸਾਰ ਹੀ ਉਨ੍ਹਾਂ ਨੂੰ ਕਿਸੇ ਜਨਮ-ਜਾਤੀ ਅੰਦਰ ਪੈਦਾ ਕੀਤਾ, ਜਿਸਦੇ ਉਹ ਮੁਸਤਹਿਕ ਸਨ।

ਇਨ੍ਹਾਂ ਖ਼ਿਆਲਾਂ ਵਾਲੇ ਹੀ ਸਿੱਖ ਨੇਤਾ ਜਨ ਅਜਿਹੇ ਪੁਲੀਟੀਕਲ ਨੇਤਾਵਾਂ ਦੀ ਰੀਸੇ ਘੜੀਸੇ ਆਪਣੇ ਪ੍ਰਸਿੱਧ ਅਕਾਲੀ ਮੱਤ ਅੰਦਰ ਭੀ ਓਹੀ ਕੁੱਛ ਘਸੋੜ ਰਹੇ ਹਨ ਅਤੇ ਇਸ ਮੱਤ ਦੇ ਰਾਗੀ ਉਪਦੇਸ਼ਕ ਸਦਾਉਣ ਵਾਲੇ ਆਗੂ ਭੀ ਅਕਸਰ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਉਪਰ ਦੱਸੇ ਅਰਥ ਕਰਿਆ ਕਰਦੇ ਹਨ, ਕਰਨੋਂ ਸੰਕੋਚਦੇ ਹੀ ਨਹੀਂ। ਸ੍ਰੀ ਗੁਰੂ ਦਸਮੇਸ਼ ਜੀ ਦੀ ਦੱਸੀ ਖਾਲਸਈ ਰਹਿਤ ਬਹਿਤ ਤੇ ਸਮੱਗਰ ਗੁਰੂ ਸਾਹਿਬਾਨ ਦੀ ਦ੍ਰਿੜ੍ਹਾਈ ਰਹਿਤ ਬਹਿਤ ਨੂੰ ਪਿੱਠ ਦਿੰਦੇ ਹੋਏ, ਸਮੱਗਰ ਪੰਥਕ ਸ਼ਰੇਣੀ ਨੂੰ ਗੁਰੂ ਸਾਹਿਬਾਨ ਦੀ ਸੱਚੀ ਬਖ਼ਸ਼ਸ਼ ਤੋਂ ਬੇਮੁੱਖ ਕਰਾ ਕੇ ਮਿਲ-ਗੋਭਾ-ਪੰਥੀ ਬਣਾ ਰਹੇ ਹਨ। ਇਸ ਪ੍ਰਕਾਰ ਉਹ ਨਵੀਨ ਕਾਂਗਰਸੀ ਨੇਤਾਵਾਂ ਦੀ ਨਿਖੜੰਮੀ ਚਾਲ ਤੇ ਚੱਲ ਰਹੇ ਹਨ।

ਇਸ ਨਵੀਂ ਚਾਲ ਢਾਲ ਦਾ ਅਕਾਲੀ ਲੀਡਰਾਂ ਉਤੇ ਐਸਾ ਅਸਰ ਪਿਆ ਹੈ ਕਿ ਉਹ ਭੀ ਪੁਲੀਟੀਕਲ ਨੇਤਾਵਾਂ ਦੀ ਪ੍ਰਸਿੱਧ ਚਾਲ ਢਾਲ ਅਨੁਸਾਰ ਖ਼ੁਦ ਭੀ ਚਲ ਰਹੇ ਹਨ ਅਤੇ ਸਾਰੇ ਪੰਥ ਨੂੰ ਚਲਾ ਰਹੇ ਹਨ। ਤਿਨ੍ਹਾਂ ਅਕਾਲੀ ਲੀਡਰਾਂ ਦੇ ਖ਼ਿਆਲ ਅੰਦਰ ਇਹ ਗੱਲ ਪੱਕੇ ਤੌਰ ਤੇ ਸਮਾ ਗਈ ਹੋਈ ਹੈ ਕਿ ਜੋ ਕੁਛ ਭੀ ਨਵੀਨ ਕਾਂਗਰਸੀ ਨੇਤਾ ਆਪਣ ਕੁਬੁੱਧੀ ਅਨੁਸਾਰ ਦ੍ਰਿੜ੍ਹਾ ਦਰਸਾ ਰਹੇ ਹਨ, ਓਹੀ ਸੱਚੀ ਗੁਰਮਤਿ ਹੈ। ਇਸੇ ਕਰਕੇ ਇਨ੍ਹਾਂ ਲੀਡਰਾਂ ਦਾ ਨਿਰਤੈ ਹੋ ਕੇ ਇਹ ਪ੍ਰਚਾਰ ਚਲ ਰਿਹਾ ਹੈ। ਜੈਸਾ ਕਿ " ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਅਨੁਸਾਰ ਉਪਰ ਦਰਸਾਇਆ ਗਿਆ ਹੈ। ਪਰ ਯਾਦ ਰਖੋ ਕਿ ਨਾ ਹੀ ਇਹ ਅਕਾਲੀ ਲੀਡਰ ਅਤੇ ਨਾ ਹੀ ਕਾਂਗਰਸੀ ਨੇਤਾ ਅਕਾਲ ਪੁਰਖ ਦੀ ਸੱਚੀ ਚਲਾਈ ਹੋਈ ਰੀਤ ਅਨੁਸਾਰ ਚੱਲ ਸਕਦੇ ਹਨ। ਅਕਾਲ ਪੁਰਖ ਸੱਚੇ ਪਾਤਸ਼ਾਹ ਪ੍ਰਮਾਤਮਾ ਦੇਵ ਨੂੰ ਜਿੱਥੇ ਜਿੱਥੇ ਮਨਜ਼ੂਰ ਸੀ ਤਿਥੇ ਤਿਥੇ ਹੀ ਸਭ ਜੀਵਾਂ ਦੇ ਪੂਰਬਲੇ ਕਰਮਾਂ ਅਨੁਸਾਰ ਜਨਮ ਦਾਨ ਦਿੱਤਾ। ਹਰੀਜਨਾਂ ਨੂੰ ਕੋਈ ਭੀ ਸੰਸਾਰਕ ਨੇਤਾ, ਚਾਹੇ ਕਿਤਨਾ ਹੀ ਵੱਡਾ ਕਹਾਉਣ ਵਾਲਾ ਹੋਵੇ, ਉਚਾ ਨਹੀਂ ਕਰ ਸਕਦਾ। "ਨੀਚਹ ਊਚ ਕਰੈ ਮੇਰਾ ਗੋਬਿੰਦੁ" (੧੧੦੬) ਗੁਰਵਾਕ ਦੇ ਭਾਵ ਅਨੁਸਾਰ ਇਹ ਕੇਵਲ ਗੁਰੂ ਅਕਾਲ ਪੁਰਖ ਹੀ ਹੈ ਜੋ ਸੱਚੜਾ ਜੀਅ-ਦਾਨ ਦੇ ਕੇ ਹਰ ਪ੍ਰਕਾਰ ਦੀ ਸ੍ਰੇਣੀ ਵਿਚੋਂ ਹਰ ਪ੍ਰਾਣੀ ਨੂੰ ਉਧਾਰ ਸਕਦਾ ਹੈ।

ਹੁਣ ਤਾਈਂ ਧੁਰੰਧੁਰੋਂ ਇਹ ਸੱਚੀ ਸੁਰੀਤ ਗੁਰੂ ਘਰ ਵਿਚ ਚਲੀ ਆਉਂਦੀ ਹੇ ਕਿ ਹਰ ਪ੍ਰਾਣੀ ਮਾਤ੍ਰ ਨੂੰ ਅੰਮ੍ਰਿਤ ਛਕ ਕੇ ਹੀ ਗੁਰੂ ਕੇ ਲੰਗਰ ਵਿਖੇ ਰਲਣ ਮਿਲਣ ਦਾ ਅਧਿਕਾਰ ਸੀ। ਖ਼ਾਸ ਕਰ ਅੱਜ ਕੱਲ੍ਹ ਦੇ (So called) ਹਰੀਜਨਾਂ ਨੂੰ ਅੰਮ੍ਰਿਤ ਦਾ ਬਾਟਾ ਛਕਾਏ ਬਿਨਾਂ ਗੁਰੂ ਘਰ ਲੰਗਰ ਵਿੱਚ ਇੱਕ-ਮਿੱਕ ਹੋਣ ਦਾ ਅਧਿਕਾਰ ਨਹੀਂ ਸੀ। ਅੱਜ ਕੱਲ੍ਹ ਐਸੀ ਮਾਰ ਵਗੀ ਹੋਈ ਹੈ ਕਿ ਅਸਾਡੇ ਅਕਾਲੀ ਜਨ ਭੀ ਨਵੀਨ ਨੇਤਾਵਾਂ ਦੀ ਸ਼ਹਿ ਅਨੁਸਾਰ ਬਿਨਾਂ ਅੰਮ੍ਰਿਤ ਛਕਾਏ ਹੀ ਗੁਰੂ ਕੇ ਲੰਗਰ ਵਿਖੇ ਸ਼ਾਮਲ ਕਰ ਰਹੇ ਹਨ।

ਇਨ੍ਹਾਂ ਅਕਾਲੀ ਜਨਾਂ ਦੇ ਖ਼ਿਆਲ ਅੰਦਰ ਭੀ ਕਾਂਗਰਸੀ ਪ੍ਰਸਿੱਧ ਨੇਤਾਵਾਂ ਦੀ ਨਿਆਈਂ ਇਹੋ ਗੱਲ ਸਮਾਈ ਹੋਈ ਹੈ ਕਿ ਹਰੀਜਨਾਂ ਨੂੰ ਅੰਮ੍ਰਿਤ ਛਕਾਉਣ ਦੀ ਲੋੜ ਹੀ ਕੋਈ ਨਹੀਂ। ਇਸੇ ਸੁਖ-ਰਹਿਣੀ ਰਹਿਤ ਵਾਲੇ ਢਿੱਲੜ ਖ਼ਿਆਲਾਂ ਦੇ ਅਧੀਨ ਹੋ ਕੇ ਲੋਕ ਹਰੀਜਨਾਂ ਨੂੰ ਆਪੋਂ ਹੀ ਉਧਰਿਆ ਹੋਇਆ ਦੇਖਿਆ ਲੋੜਦੇ ਹਨ। ਹਾਲਾਂ ਕਿ ਇਨ੍ਹਾਂ ਹਰੀਜਨਾਂ ਨੇ ਗੁਰੂ ਪੰਥ ਦਾ ਕੱਖ ਭੀ ਨਹੀਂ ਸੰਵਾਰਨਾ, ਓੜਕ ਆਪੋਂ ਖ਼ੁਰਦ ਬੁਰਦ


www.AKJ.Org

ਹੋ ਜਾਣਗੇ ਤੇ ਇਨ੍ਹਾਂ ਦੀਆਂ ਰੀਜ਼ਰਵ ਰੱਖੀਆਂ ਹੋਈਆਂ ਸੀਟਾਂ ਭੀ ਰੁਲ ਖੁਲ ਜਾਣਗੀਆਂ, ਜਿਸ ਦੀ ਕਨੌਡ ਅਨੁਸਾਰ ਉਹ ਅੱਜ ਫੁੱਲੇ ਨਹੀਂ ਸਮਾਉਂਦੇ। ਬਨੀ-ਨੌ-ਇਨਸਾਨ (ਮਨੁੱਖ ਮਾਤਰ) ਦਾ ਨਿਜ਼ਾਮ ਜੋ ਅਕਾਲ ਪੁਰਖ ਕਰਤੇ ਪੁਰਖ ਨੂੰ ਮਨਜ਼ੂਰ ਹੈ, ਓਹ ਇਨ੍ਹਾਂ ਅਲਪੱਗ ਇਨਸਾਨਾਂ ਤੋਂ ਹਰਗਿਜ਼ ਹੋ ਨਹੀਂ ਸਕਦਾ। ਅੱਜ ਕੱਲ੍ਹ ਜੋ ਪਰਪਾਟੀ ਅਸਾੜੇ ਅਕਾਲੀ ਲੀਡਰਾਂ ਅੰਦਰ ਭੀ ਪਈ ਹੋਈ ਹੈ ਓਹ ਕੇਵਲ ਇਸੇ ਗੱਲ ਦੀ ਤਰਜਮਾਨੀ ਕਰਦੀ ਹੈ ਕਿ ਜੋ ਕੁਛ ਭੀ ਪੁਲੀਟੀਕਲ ਦਾਇਰੇ ਅੰਦਰ ਹੋ ਰਿਹਾ ਹੈ, ਓਸੇ ਅਨੁਸਾਰ ਹੀ ਚੱਲਿਆਂ ਸਭ ਦੀ ਕਲਿਆਣ ਹੈ। ਅਤੇ ਇਸੇ ਗੱਲ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਦਸਮੇਸ਼ ਜੀ ਦੀ ਦੱਸੀ ਅਤੇ ਦ੍ਰਿੜ੍ਹਾਈ ਸੱਚੀ ਰਹਿਤ ਬਹਿਤ ਤੋਂ ਉਕੀ ਬੇਮੁਖਤਾਈ ਹੋ ਰਹੀ ਹੈ। ਇਨ੍ਹਾਂ ਹੀ ਰੰਗਾਂ ਵਿਚ ਰੰਗੀਜ, ਕੇ ਸ੍ਰੀ ਗੁਰੂ ਸਾਹਿਬਾਨ ਦੀ ਨਾਮ ਬਾਣੀ ਦੀ ਅਨੁਸਾਰਤਾ ਨੂੰ ਤਾਂ ਤਿਲਾਂਜਲੀ ਦੇ ਕੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਉਲਟੇ ਪੁਲਟੇ ਭਾਵ-ਅਰਥ ਲਗਾਏ ਜਾ ਰਹੇ ਹਨ ।

ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਜੀ ਨੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਅੰਦਰ ਸਪਸ਼ੱਟ ਤੌਰ ਤੇ ਇਹ ਦ੍ਰਿੜ੍ਹਾਇਆ ਹੈ ਕਿ ਹਰ ਪ੍ਰਾਣੀ ਮਾਤ੍ਰ ਦਾ ਸੱਚੜਾ ਉਧਾਰ ਸੱਚੀ ਸਿੱਖਿਆ ਤੇ ਚੱਲਿਆ ਤੇ ਚੱਲਿਆਂ ਹੀ ਹੋ ਸਕਦਾ ਹੈ, ਅਰਥਾਤ ਹਰੇਕ ਇਨਸਾਨ ਨੂੰ ਗੁਰੂ ਕਾ ਅੰਮ੍ਰਿਤ ਛਕਣ ਦੀ ਗੁਰੂ ਘਰ ਵਿਖੇ ਖੁਲ੍ਹ ਹੈ। ਖੁਲ੍ਹੇ ਖ਼ਿਆਲਾਂ ਵਾਲੇ ਤੱਤ ਗੁਰਮਤਿ ਤੋਂ ਹੀਣ, ਮੀਣੇ ਮੋਮਨ ਇਹ ਅਨੁਮਾਨ ਆਪਣੇ ਢਿੱਲੜ ਖ਼ਿਆਲਾਂ ਅਨੁਸਾਰ ਲਾਇਆ ਕਰਦੇ ਹਨ ਕਿ ਗੁਰੂ ਘਰ ਹਰੇਕ ਮੱਤ-ਮਤਾਂਤਰੀ ਬਿਵੱਸਥਾ ਵਾਲੇ ਦਾ ਉਧਾਰ ਹੋਇਆ ਪ੍ਰਮਾਣੀਕ ਹੈ । ਹਾਲਾਂਕਿ ਸ੍ਰੀ ਦਸਮੇਸ਼ ਜੀ ਦੀ ਦਰਸਾਈ ਬਾਣੀ ਇਨ੍ਹਾਂ ਢਿੱਲੜ ਖ਼ਿਆਲਾਂ ਦੇ ਖ਼ੂਬ ਪਰਖ਼ਚੇ ਉਡਾਉਂਦੀ ਹੈ। ਦੇਖੋ ਸ੍ਰੀ ਗੁਰੂ ਦਸਮੇਸ਼ ਜੀ ਦੀ ਬਾਣੀ ਕਿਸ ਪ੍ਰਕਾਰ ਆਨਮੱਤੀ ਖ਼ਿਆਲਾਂ ਵਾਲੇ ਉਪਰ ਦੱਸੇ ਢਿਲੱੜਾਂ ਦੀ ਗਤੀ ਕਰਦੀ ਹੈ। ਯਥਾ ਗੁਰਵਾਕ –

ਜੋਗੀ ਜਟਾਧਾਰੀ, ਸਤੀ ਸਾਚੇ ਬਡੇ ਬ੍ਰਹਮਚਾਰੀ
ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈਂ ॥
ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ
ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈਂ ॥
ਮਾਨਵ ਫਨਿੰਦ ਦੇਵ ਦਾਨਵ ਨ ਪਾਵਹਿ ਭੇਦ
ਬੇਦ ਔ ਕਤੇਬ ਨੇਤ ਨੇਤ ਕੈ ਕਹਤ ਹੈਂ ॥੫॥੭੫॥ (ਅਕਾਲ ਉਸਤਤਿ ਪ: ੧੦)

ਇਸੇ ਪ੍ਰਕਾਰ ਸਾਰੀ ਗੁਰਬਾਣੀ ਅੰਦਰ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਸ੍ਰੀ ਮੁਖਵਾਕ-ਉਪਦੇਸ਼ਾਂ ਦੁਆਰਾ ਜੋ ਕੁਝ ਦ੍ਰਿੜ੍ਹਾਇਆ ਹੈ ਕਿ ਆਨਮਤੀ ਬੇਦ ਕਤੇਬਾਂ ਆਦਿਕ ਨਿਉਲੀ ਕਰਮਾਂ ਵਾਲਿਆਂ ਦੀ ਓਦੋਂ ਤਾਈਂ ਅਧੋਗਤੀ ਹੀ ਰਹੇਗੀ ਜਦੋਂ ਤਾਈਂ ਕਿ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਨਹੀਂ ਸਜ ਜਾਂਦੇ। ਸ੍ਰੀ ਗੁਰੂ ਦਸਮੇਸ਼ ਜੀ ਦੀ ਸਮੱਗਰ ਬਾਣੀ "ਆਨ ਦੇਵ ਸੇਵ ਟੇਵ" ਦੀ ਪਖੰਡ-ਕਿਰਿਆ ਨੂੰ ਰੱਦ ਕਰ ਕੇ ਸਭਨਾਂ ਦੇ ਸੀਸ ਉਪਰ ਸੱਚੀ ਗੁਰਮਤਿ ਦਾ ਸੱਚਾ ਅੰਕਸ ਮਾਰ ਕੇ ਇਸ ਦੀ ਪੂਜਾ ਖ਼ੂਬ ਦ੍ਰਿੜ੍ਹਾਉਂਦੀ ਹੈ। ਅਸਾੜੇ ਮੋਮਨ ਖ਼ਿਆਲਾਂ ਵਾਲੇ ਅਤੇ ਗੁਰਮਤਿ-ਹੀਣੇ ਇਸ ਸੱਚੀ ਗੁਰਮਤਿ ਤੋਂ ਬਿਪਰਜੇ, ਢਿੱਲੜ ਖ਼ਿਆਲਾਂ ਵਾਲੀ ਕੁਰੀਤੀ ਨੂੰ ਹੀ ਮੁਖ ਰਖਾਉਂਦੇ ਹਨ। ਜੈਸਾ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦੇ ਭਾਵ ਅੰਦਰ ਭਲੀ ਬਿਧਿ ਦ੍ਰਿੜ੍ਹਾਇਆ ਗਿਆ ਹੈ ।

ਇਸ ਲੇਖ ਪ੍ਰਥਾਇ ਅੱਗੇ ਬਹੁਤ ਕੁਝ ਲਿਖਿਆ ਗਿਆ ਹੈ। ਸ੍ਰੀ ਦਸਮੇਸ਼ ਜੀ ਦੀ ਬਾਣੀ ਵਿਖੇ ਇਕੋ ਹੀ ਸ਼ਬਦ ਅੰਦਰ "ਗੁਰਮਤਿ ਮੰਡਨ ਅਤੇ ਆਨਮਤਿ ਖੰਡਨ" ਦੇ ਇਸ਼ਾਰੇ ਮਿਲਦੇ ਹਨ। ਜਿਥੇ ਸ੍ਰੀ ਦਸਮੇਸ਼ ਜੀ ਨੇ ਆਪਣੀ ਬਾਣੀ ਅੰਦਰ ਇਹ ਦਰਸਾਇਆ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ", ਉਸੇ ਸਵਯੇ ਅੰਦਰ ਹੀ ਸ੍ਰੀ ਦਸਮੇਸ਼ ਜੀ ਨੇ ਆਪਣੀ ਬਾਣੀ ਦੁਆਰਾ ਏਸ ਗੁਰਮਤਿ ਖ਼ਿਆਲ ਦਾ ਮੰਡਨ ਕੀਤਾ ਹੈ ਕਿ ਗੁਰਮਤਿ ਅਨੁਸਾਰ ਸੱਚਾ ਗਿਆਨ ਗੁਰੂ ਸਾਹਿਬ ਨੇ ਤਿਸੇ ਗੁਰਸਿੱਖ ਨੂੰ ਬਖ਼ਸ਼ਿਆ ਹੈ ਜੋ ਗੁਰਸਿੱਖ ਸ੍ਰੀ ਦਸਮੇਸ਼-ਦਰਸਾਈ ਰਹਿਤ-ਰਹਿਣੀ ਅਨੁਸਾਰ ਅੰਮ੍ਰਿਤ ਛਕ ਕੇ ਹੀ, ਅੰਮ੍ਰਿਤਧਾਰੀ ਸਿੱਖ ਬਣ ਕੇ ਹੀ ਪਿਛੋਂ ਇਸ ਗੁਰੂ-ਗਿਆਨ-ਕਲਾ ਨੂੰ ਪ੍ਰਾਪਤ ਹੁੰਦਾ ਹੈ। ਉਸ ਦੇ ਨਜ਼ਦੀਕ ਮਾਨਸ ਕੀ ਜ਼ਾਤ ਸਭ ਏਕੈ


www.AKJ.Org

ਹੀ ਪਹਿਚਾਨੀ ਜਾਂਦੀ ਹੈ। ਇਹ ਹਰਗਿਜ਼ ਸ੍ਰੀ ਦਸਮੇਸ਼ ਜੀ ਦਾ ਭਾਵ ਨਹੀਂ ਹੈ ਕਿ ਬਿਨਾਂ ਅੰਮ੍ਰਿਤ ਛਕੇ ਦੇ ਉਸ ਗੁਰਸਿੱਖ ਨੂੰ ਗੁਰੂ-ਗਿਆਨ-ਕਲਾ ਪ੍ਰਾਪਤ ਹੋ ਜਾਦੀ ਹੈ। ਰਾਮ ਰਹੀਮ ਆਨਮੱਤ ਦੀ ਉਪਾਸ਼ਨਾ ਨੂੰ ਸ੍ਰੀ ਗੁਰੂ ਸਾਹਿਬ ਸ੍ਰੀ ਗੁਰੂ ਦਸਮੇਸ਼ ਜੀ ਨੇ ਹਰਗਿਜ਼ ਗੁਰਮਤਿ ਦਾ ਵਿਧਾਨ ਨਹੀਂ ਦਿੱਤਾ ।

ਸ੍ਰੀ ਦਸਮੇਸ਼ ਫ਼ਿਲਾਸਫ਼ੀ ਅਨੁਸਾਰ ਇਹ ਹਰਗਿਜ਼ ਇਨ੍ਹਾਂ ਕਬਿਤਾਂ ਦਾ ਭਾਵ ਨਹੀਂ ਕਿ ਮਾਨੁੱਖ ਜਾਤੀ ਹਰੇਕ ਫ਼ਰਦੇ ਬਸ਼ਰ (ਮਨੁੱਖ ਮਾਤਰ) ਆਪੋਂ ਹੀ ਯਾ ਆਨਮਤਿ-ਦਰਸਾਈ-ਗਿਆਨ-ਘੋਟਨੀ ਦੁਆਰਾ ਉਸ ਪਦਵੀ ਨੂੰ ਪਹੁੰਚ ਸਕਦਾ ਹੈ ਜੋ ਅੱਜ ਕੱਲ੍ਹ ਦੇ ਵਿਗੜੇ ਹੋਏ ਚੁੰਚ ਗਿਆਨੀ ਧਿੰਗੋਜ਼ੋਰੀ ਆਪਣੇ ਆਪ ਨੂੰ ਬਿਨਾਂ ਗੁਰਮਤਿ ਰਹਿਤ-ਬਹਿਣੀ ਦੇ ਪਹੁੰਚਿਆਂ ਹੋਇਆ ਸਿੱਧ ਕਰਦੇ ਹਨ।

"ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ" ਵਾਲੇ ਕਬਿਤ ਅੰਦਰ ਗੁਰੂ ਸਾਹਿਬ ਨੇ ਤਿਨ੍ਹਾਂ ਆਨਮਤੀਆਂ ਦੀ ਆਪੋਂ ਦਰਸਾਈ ਅਤੇ ਆਨਮਤਿ ਮਹਿਕਾਈ ਸਿੱਖਿਆ ਦੁਆਰਾ ਉਚੀ ਟੇਕ ਪੁਕਾਰ ਕਰ ਕੇ ਆਨਮਤੀਆਂ ਵਾਲੀ ਮਨ-ਮੰਨੀ ਪੁਕਾਰ ਦਾ ਖੰਡਨ ਕੀਤਾ ਹੈ। ਇਸਦਾ ਹਰਗਿਜ਼ ਭਾਵ ਇਹ ਨਹੀਂ ਕਿ ਉਚੀ ਉਚੀ ਨਾਮ ਜਪਣਾ ਨਹੀਂ ਚਾਹੀਦਾ। ਅਸੀਂ ਇਕੋ ਮਿਸਾਲ ਦੁਆਰਾ ਇਸ ਭਾਵ ਨੂੰ ਭਲੀ ਪ੍ਰਕਾਰ ਖੋਲ੍ਹ ਦਿੰਦੇ ਹਾਂ।

ਅਸਾਡੇ ਪਿੰਡਾਂ ਅੰਦਰ ਇੱਕ ਨਗਨ ਵੈਰਾਗੀ ਬੀਆਬਾਨ ਉਦਿਆਨ ਵਿਚ ਰਹਿੰਦਾ ਹੁੰਦਾ ਸੀ। ਉਹ ਆਪਣੀ ਪ੍ਰਭਤਾ ਵਧਾਉਣ ਲਈ ਇਕ ਅੱਧੀ ਵਾਰ ਹੀ ਉਸ ਨਗਨ ਦਸ਼ਾ ਵਿਚ ਘੁੱਘ ਗਿਰਾਵਾਂ ਵਿੱਚ ਭਿੱਖਿਆ ਮੰਗਣ ਲਈ ਆਉਂਦਾ ਹੁੰਦਾ ਸੀ। ਅਤੇ ਇਕ ਥਾਉਂ ਇਕ ਪਰਸ਼ਾਦਾ ਹੀ ਲੈ ਕੇ ਸਬਰ ਸਬੂਰੀ ਜਣਾਉਂਦਾ ਹੁੰਦਾ ਸੀ। ਇਕ ਵਾਰ ਆਪਣੀ ਪ੍ਰਭਤਾ ਵਧਾਉਣ ਖ਼ਾਤਰ ਉਸ ਨੇ ਉਹ ਇਕੋ ਪਰਸ਼ਾਦਾ ਭਿੱਖਿਆ ਮੰਗਿਆ ਹੋਇਆ ਕੁੱਤੇ ਨੂੰ ਸਿੱਟ ਦਿੱਤਾ ਕਿ ਅਸਾਡੇ ਨਾਲੋਂ ਤਾਂ ਇਹੋ ਚੰਗਾ ਹੈ। ਬੱਸ ਇਹ ਪਖੰਡ ਦਰਸਾਉਣ ਦੀ ਦੇਰ ਸੀ ਕਿ ਦੁਨੀਆ ਉਸਦੇ ਹੋਰ ਭੀ ਪਿੱਛੇ ਪਹੁੰਚਿਆ ਹੋਇਆ ਸਮਝ ਕੇ ਪੈ ਗਈ। ਉਥੋਂ ਉਠ ਕੇ ਉਹ ਪਿੰਡ ਗੁੱਜਰਵਾਲ ਵਿਚ ਬਣੀ ਹੋਈ ਇਕਾਂਤ ਕੁਟੀਆ ਵਿਚ ਵਾਸ ਕਰ ਕੇ ਉਚੀ ਉਚੀ "ਰਾਮ ਜੀ, ਰਾਮ ਜੀ" ਦੀ ਟੇਰ ਪੁਕਾਰ ਕਰੇ। ਦੁਨੀਆ ਉਸ ਦੇ ਹੋਰ ਭੀ ਪਿੱਛੇ ਲੱਗ ਗਈ। ਅਸੀਂ ਉਸ ਨੂੰ ਗੁਰਮਤਿ ਅਨੁਸਾਰ ਖ਼ੂਬ ਸੋਧਿਆ ਪ੍ਰਬੋਧਿਆ ਕਿ ਇਸ ਪ੍ਰਕਾਰ ਦੀ ਆਨਮਤਿ ਟੇਰ ਪੁਕਾਰ ਦੁਆਰਾ ਉਸ ਦੀ ਕਲਿਆਣ ਹਰਗਿਜ਼ ਨਹੀਂ ਹੋਵੇਗੀ, ਜਦ ਤਾਈਂ ਉਹ ਗੁਰਮਤਿ ਅਨੁਸਾਰ ਅੰਮ੍ਰਿਤ ਛਕ ਕੇ ਗੁਰਦੀਖਿਆ ਨਹੀਂ ਪ੍ਰਾਪਤ ਕਰ ਲੈਂਦਾ । ਉਸਦੀ ਆਪੋਂ ਮਨ-ਮੰਨੀ ਉਚੀ ਉਚੀ ਟੇਰ ਪੁਕਾਰ ਕਰਨੀ ਬਿਰਥੀ ਹੈ ।

ਸੋ "ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ" ਅੰਦਰ ਸ੍ਰੀ ਗੁਰੂ ਦਸਮੇਸ਼ ਜੀ ਦਾ ਇਹ ਭਾਵ ਹੈ ਕਿ ਇਸ ਹਿਸਾਬ ਨਾਲ ਉਚੀ ਉਚੀ ਟੇਰ ਪੁਕਾਰ ਕਰਨ ਵਾਲੇ ਗਿੱਦੜ ਆਦਿਕਾਂ ਦੀ ਭੀ ਕਲਿਆਣ ਹੋ ਜਾਣੀ ਚਾਹੀਦੀ ਹੈ, ਜੋ ਹਰਗਿਜ਼ ਨਹੀਂ ਹੋ ਸਕਦੀ।

ਇੱਕ ਹੋਰ ਕਬਿਤ ਅੰਦਰ ਭੀ ਗੁਰੂ ਦਸਮੇਸ਼ ਜੀ ਨੇ ਇਸੇ ਭਾਵ ਨੂੰ ਦ੍ਰਿੜ੍ਹਾਇਆ ਹੈ ਕਿ ਮੱਲ (ਪਹਿਲਵਾਨ) ਲੋਕਾਂ ਦਾ ਡੰਡ ਪੇਲਨਾ ਡੰਡਉਤ-ਬੰਦਨਾ ਨਹੀਂ ਕਹਾ ਸਕਦੀ ਅਤੇ ਅਸ਼ਟਾਂਗ ਡੰਡਉਤ ਦੀ ਪਦਵੀ ਨਹੀਂ ਦਿਵਾ ਸਕਦੀ, ਜਦ ਤਕ ਕਿ ਸ੍ਰੀ ਦਸਮੇਸ਼ ਜੀ ਦੇ ਗੁਰਮਤਿ-ਮੰਡਨੀ ਅਤੇ ਆਨਮਤਿ ਖੰਡਨੀ ਪਦਵੀ ਅਨਕੂਲ ਹਰੇਕ ਪ੍ਰਾਣੀ, ਖ਼ਾਸ ਕਰ ਗੁਰਮਤਿ ਜਗਿਆਸੂ ਜਨ ਸ੍ਰੀ ਗੁਰੂ ਦਸਮੇਸ਼-ਦਰਸਾਏ ਗੁਰ-ਗਿਆਨ-ਕਲਾ ਵਾਲੇ ਪਦਵੇ ਨੂੰ ਪ੍ਰਾਪਤ ਨਹੀਂ ਹੋ ਜਾਂਦਾ ।

ਸ੍ਰੀ ਗੁਰੂ ਦਸਮੇਸ਼ ਜੀ ਦੇ ਇਨ੍ਹਾਂ ਸਵੱਯਾਂ ਅੰਦਰ ਵਿਦੱਤਾਏ ਗੂੜ੍ਹ ਭਾਵ ਅਨੁਸਾਰ ਕਦੇ ਵੀ ਇਸ ਗੱਲ ਦੀ ਸੂਚਨਾ ਨਹੀਂ ਹੋ ਸਕਦੀ ਕਿ ਮਨੁੱਖ ਦੀ ਜਾਤੀ ਬਣੀ ਬਣਾਤੀ ਹੀ ਗੁਰਮਤਿ-ਗਿਆਨ-ਕਲਾ ਵਾਲੇ ਪਦਵੇ ਨੂੰ ਪ੍ਰਾਪਤ ਹੋ ਸਕਦੀ ਹੈ, ਜੈਸੇ ਕਿ ਅੱਜ ਕੱਲ੍ਹ ਦੇ ਚੁੰਚ-ਗਿਆਨੀ ਰਾਗੀ ਉਪਦੇਸ਼ਕ ਮਨ-ਮੰਨੇ ਭਾਵ ਕੱਢਿਆ ਕਰਦੇ ਹਨ। ਜਿੱਥੇ ਤਿਨ੍ਹਾਂ ਮਨ-ਮਤੀਆ ਦਾ ਇਹ ਆਨਮੱਤ-ਗ੍ਰਸਿਆ ਹੋਇਆ ਭਾਵ ਹੁੰਦਾ ਹੈ ਉਥੇ ਸ੍ਰੀ ਦਸਮੇਸ਼ ਦ੍ਰਿੜ੍ਹਾਈ ਗੂੜ੍ਹ ਗੁਰਮਤਿ ਫ਼ਿਲਾਸਫ਼ੀ ਦਾ ਸਪੱਸ਼ਟ ਅਭਿੱਪਰਾ ਇਹ ਹੁੰਦਾ ਹੈ ਕਿ ਗੁਰਮਤਿ-ਦ੍ਰਿੜ੍ਹਾਏ ਆਸ਼ੇ ਅਨੁਸਾਰ ਚੱਲਣ ਕਰਕੇ ਹੀ ਗੂੜ੍ਹ ਗੁਰਮਤਿ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਵਿਸ਼ੇ ਪ੍ਰਥਾਇ ਅਸੀਂ ਹੋਰ ਬਹੁਤਾ ਲਿਖਣਾ ਨਹੀਂ ਚਾਹੁੰਦੇ। ਇਤਨਾ ਹੀ ਕਾਫੀ ਹੈ, ਗੁਰਮਤਿ ਖੋਜੀਆਂ ਨੂੰ ਇਸ਼ਾਰਾ ਹੀ ਬਥੇਰਾ ਹੈ।



www.AKJ.Org

# ਪੰਕਜ ਮੋਹ ਨਿਘਰਤੁ ਹੈ ਪ੍ਰਾਨੀ

(ਪ੍ਰਿੰ: ਸੱਜਣ ਸਿੰਘ ਜੀ)

ਭੋਲਾ ਭਾਲਾ ਜੀਵ ਮੋਹ ਦੀ ਸ਼ਕਤੀ ਤੋਂ ਅਗਿਆਨ ਹੋਣ ਕਰਕੇ ਬੇਖ਼ਬਰ ਸੁੱਤਾ ਪਿਆ ਹੈ। ਇਹ ਕ੍ਰੋਧ ਵਾਂਗਰ ਭਿਆਨਕ ਨਹੀਂ, ਦਿਲ ਤੇ ਡੋਰੀ ਪਾਉਣ ਵਾਲਾ ਸੁੰਦਰ ਮਨਮੋਹਣਾ ਹੈ, ਇਸ ਕਰਕੇ ਇਸ ਦੇ ਜਾਲ ਵਿੱਚ ਫਸਦਿਆਂ ਪਤਾ ਹੀ ਨਹੀਂ ਲੱਗਦਾ। ਕਈ ਵਾਰ ਅਨਾਥ, ਗਰੀਬ ਤੇ ਲੋੜਵੰਦ ਪ੍ਰਾਣੀ ਨਾਲ ਕੀਤੀ ਹਮਦਰਦੀ ਮੋਹ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਆਪਣੇ ਆਪ ਨੂੰ ਪਰਉਪਕਾਰੀ ਸਮਝਣ ਵਾਲਾ ਜੀਵ ਮੋਹ ਦੀਆਂ ਬੇੜੀਆਂ ਵਿਚ ਜਕੜਿਆ ਜਾਂਦਾ ਹੈ। ਜਦ ਸ਼ੇਰ ਜੰਗਲ ਵਿਚ ਦਹਾੜਦਾ ਹੈ ਤਾਂ ਕਈ ਜਾਨਵਰ ਦਹਿਸ਼ਤ ਦੇ ਮਾਰੇ ਆਪਣੀ ਹੋਸ਼ ਭੁਲਾ ਬਹਿੰਦੇ ਹਨ ਤੇ ਆਪਣੇ ਬਚਾਉ ਲਈ ਦੂਰ ਜਾਣ ਦੀ ਬਜਾਏ ਸ਼ੇਰ ਵਲ ਭੱਜਦੇ ਹਨ। ਮੋਹ ਵੀ ਸ਼ਰਾਫਤ ਦੇ ਕਪੱੜਿਆਂ ਵਿੱਚ ਸ਼ੇਰ ਦਾ ਬਲ ਰੱਖਦਾ ਹੈ। ਇਹ ਸਾਡੇ ਪਿੱਛੇ ਭੱਜਦਾ ਨਹੀਂ, ਅਸੀਂ ਆਪ ਇਸ ਦੀ ਖਿੱਚ ਦੁਆਰਾ ਇਸ ਦੀ ਫਾਹੀ ਵਿੱਚ ਫਸਦੇ ਹਾਂ।

ਮੋਹ ਇੱਕ ਐਸਾ ਮਿਕਨਾਤੀਸ ਹੈ ਜਿਸ ਦੀ ਖਿੱਚ ਦਾ ਪ੍ਰਭਾਵ ਹਰੇਕ ਕਿਸਮ ਦੇ ਧਾਤੂ ਤੇ ਪੈਂਦਾ ਹੈ, ਭਾਵੇਂ ਉਹ ਨਿਰਮਲ ਹੋਵੇ ਭਾਵੇ ਜੰਗਾਲਿਆ ਹੋਵੇ। ਜਿਉ ਅਰਸ਼ ਵਲ ਸੁੱਟੀ ਵਸਤੂ ਨੂੰ ਧਰਤੀ ਆਪਣੇ ਵਲ ਖਿੱਚਣ ਵਿਚ ਸਫਲ ਹੁੰਦੀ ਹੈ ਤਿਉਂ ਅਰਸ਼ਾਂ ਵਲ ਉਡਾਰੀਆਂ ਲਾਉਣ ਨਾਲ ਮਨ, ਜੋ ਦੈਵੀ ਸ਼ਕਤੀ ਦੀ ਖਿੱਚ ਤੋਂ ਮਹਿਰੂਮ ਹੈ, ਮੋਹ ਦੀ ਖਿੱਚ ਤੋਂ ਬਚ ਨਹੀਂ ਸਕਦਾ। ਸੱਚੇ ਗੁਰੂ ਵਿੱਚ ਐਸੀ ਆਕਰਸ਼ਣ ਸ਼ਕਤੀ ਹੈ ਕਿ ਜੇ ਉਸ ਦਾ ਸਿੱਖ, ਗੁਰੂ ਵਲ ਸਨਮੁਖ ਹੋਇ ਕੇ ਇੱਕ ਕਦਮ ਪੁੱਟਦਾ ਹੈ ਤਾਂ ਸਤਿਗੁਰੂ ਅਧਿਆਤਮਕ ਬਲ ਦੁਆਰਾ ਕ੍ਰੋੜਾਂ ਕਦਮ ਚੱਲ ਕੇ ਗੁਰਸਿੱਖ ਨੂੰ ਆਪਣੇ ਵਲ ਖਿੱਚਣ ਦੀ ਸਮਰਥਾ ਰੱਖਦਾ ਹੈ। ਮੋਹ ਦਾ ਨਿਵਾਸ ਗੁਣਾਂ ਵਿਚ ਨਹੀਂ ਮਾਇਆ ਵਿੱਚ ਹੈ, ਇਸ ਦਾ ਵਾਸਾ ਅਰਸ਼ ਤੇ ਨਹੀਂ ਫਰਸ਼ ਵਿੱਚ ਹੈ, ਇਹੋ ਕਾਰਨ ਹੈ ਕਿ ਮੋਹ, ਉਪਰ ਉਠਣ ਵਾਲਿਆਂ ਲਈ ਰੁਕਾਵਟ ਹੈ, ਤੇ ਅਧਿਆਤਮਕ ਯਾਤਰਾ ਕਰਨ ਵਾਲਿਆਂ ਲਈ ਬ੍ਰੇਕ ਹੈ।

ਗੁਰਦੇਵ ਜੀ ਨੇ ਮੋਹ ਨੂੰ ਸ਼ਾਇਦ ਇਸ ਸੰਦਰਭ ਵਿੱਚ ਅਜਿੱਤ ਸੂਰਮਾ ਤੇ ਅੰਤੀ ਬਲਵਾਨ ਆਖਿਆ ਹੈ ਕਿ ਇਸ ਨੇ ਗਣ, ਗੰਧਰਬ, ਦੇਵਤੇ ਮਨੁੱਖ, ਪਸ਼ੂ ਤੇ ਪੰਖੀ ਆਦਿ ਸਭਨਾਂ ਨੂੰ ਆਪਣੇ ਜਾਲ ਵਿੱਚ ਫਸਾਇਆ ਹੈ। ਇਸ ਦੇ ਦਿਲ-ਖਿੱਚਵੇਂ ਹਾਵ-ਭਾਵ ਤੋਂ ਮਸਤ ਹੋਣਾ ਬੰਦੇ ਲਈ ਸੁਭਾਵਕ ਹੈ ਤੇ ਕੇਵਲ ਅਕਾਲ ਪੁਰਖ ਦੀ ਸ਼ਰਣੀ ਪਿਆ ਹੀ ਇਸ ਤੋਂ ਛੁਟਕਾਰਾ ਪਾਉਣ ਦਾ ਉਤਸ਼ਾਹ ਤੇ ਬਲ ਪ੍ਰਾਪਤ ਹੁੰਦਾ ਹੈ। ਸਤਿਗੁਰੂ ਦਾ ਫੁਰਮਾਨ ਹੈ :–

ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥
ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥
ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥੪੫॥

(ਸਲੋਕ ਸਹਸਕ੍ਰਿਤੀ ਮਹਲਾ ੫-੧੩੫੮)

ਪੰਜਾਂ ਕੁਕਰਮਾਂ ਦੀ ਏਕਤਾ ਤਾਂ ਬਹੁਤ ਹੈ ਪਰ ਇਹ ਇਨਸਾਨ ਵਿੱਚ ਇੱਕੋ ਸਮੇਂ ਪਰਵੇਸ਼ ਕਰਕੇ ਪ੍ਰਗਟ ਨਹੀਂ ਹੁੰਦੇ। ਇਹ ਕੇਵਲ ਮੋਹ ਹੀ ਹੈ ਜਿਸ ਦਾ ਬੱਚੇ ਨਾਲ ਜ਼ਾਹਰਾ ਸੰਬੰਧ ਜਨਮ ਤੋਂ ਹੀ ਸ਼ੁਰੂ ਹੁੰਦਾ ਹੈ, ਬਾਕੀ ਸੰਗੀ ਯੋਗ ਸਮਾਂ ਆਉਣ ਤੇ ਹੀ ਆਪਣਾ ਰੂਪ ਦਿਖਾਉਂਦੇ ਹਨ। ਸਤਿਗੁਰੂ ਦਾ ਫੁਰਮਾਨ ਹੈ।

ਮ: ੧ ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥
ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥
ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥



www.AKJ.Org

ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥

(ਵਾਰ ਮਾਝ ਕੀ ਮ: ੧ -੧੩੭-੩੮)

ਹਜ਼ੂਰ ਨੇ ਇਨਸਾਨ ਦੇ ਜੀਵਨ ਯਾਤਰਾ ਦਾ ਨਕਸ਼ਾ ਕਿੰਨੇ ਯਦਾਰਥ ਭਰੇ ਸ਼ਬਦਾਂ ਵਿੱਚ ਖਿਚਿਆ ਹੈ। ਕਦੇ ਮਾਂ ਦੇ ਦੁੱਧ ਨਾਲ ਪਿਆਰ, ਕਦੇ ਮਾਂ ਬਾਪ, ਭੈਣ, ਭਰਾ ਦਾ ਮੋਹ, ਕਦੇ ਜੀਭਾ ਦੇ ਸੁਆਦ ਪਿਛੇ ਧਾਉਣਾ, ਕਦੇ ਬੇਮੁਹਾਰੇ ਕਾਮ ਦਾ ਸ਼ੁਦਾਈ ਹੋਣਾ, ਕਦੇ ਮਾਇਆ ਦੇ ਮੋਹ ਵਿੱਚ ਗਲਤਾਨ ਹੋਣਾ, ਪਰ ਅੰਤ ਨੂੰ ਜਦ ਆਤਮਾ ਦੇਹ-ਰੂਪ ਪਿੰਜਰੇ ਤੋਂ ਉਡਾਰੀ ਮਾਰਦਾ ਹੈ ਤਾਂ ਥੋੜੇ ਦਿਨਾਂ ਬਾਅਦ ਉਸ ਦਾ ਨਾਮ ਭੀ ਸੰਸਾਰ ਤੋਂ ਮਿਟ ਜਾਂਦਾ ਹੈ। ਇਹ ਮਨਮੁਖ ਦਾ ਸੰਸਾਰਕ ਮੋਹ ਹੈ ਜਿਸ ਵਿਚ ਸਚੇ ਗੁਰੂ ਦੀ ਓਟ ਬਿਨਾ ਸਾਰਾ ਜਗਤ ਗ੍ਰਸਿਆ ਹੋਇਆ ਹੈ। ਇਹ ਵੀ ਕਰਤੇ ਦੀ ਲੀਲਾ ਹੈ ਕਿ ਉਸ ਨੇ ਮੋਹ ਨੂੰ ਮੂਲ ਬਣਾ ਕੇ ਜਗਤ ਦੀ ਉਤਪਤੀ ਕੀਤੀ ਹੈ, ਤੇ ਅਪਣੇ ਮਨ ਪਿੱਛੇ ਲੱਗਣ ਵਾਲੇ ਮਨਮੁਖ ਨੂੰ ਮੈਮੇਂਗੀ ਦੀ ਭਾਵਨਾ ਲਗਾ ਕੇ ਭਰਮ ਵਿੱਚ ਭੁਲਾਇਆ ਹੇ ।

ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥
ਮਮਤਾ ਲਾਇ ਭਰਮਿ ਭੋੁਲਾਇਆ ॥ (ਭੈਰਉ ਮਹਲਾ ੩-੧੧੨੮-੨੯)

ਮਮਤਾ ਬਿਨਾ ਜਗਤ ਦਾ ਇਸ ਰੂਪ ਵਿਚ ਪਸਾਰਾ ਸੰਭਵ ਨਹੀਂ ਸੀ ਮਮਤਾ ਤਾਂ ਪਸ਼ੂਆ ਵਿਚ ਭੀ ਤੇ ਉਨਾਂ ਦਾ ਮੋਹ ਵੀ ਨਵ-ਜਨਮੇ ਬੱਚਿਆਂ ਨਾਲ ਹੁੰਦਾ ਹੈ, ਪਰ ਕੁਝ ਸਮਾਂ ਪਾ ਕੇ ਉਨ੍ਹਾਂ ਨੂੰ ਆਪਣੇ ਪਿਆਰ ਦਾ ਨਾਤਾ ਲੱਗ ਭੱਗ ਵਿੱਸਰ ਜਾਦਾ ਹੈ। ਇਕ ਇਨਸਾਨ ਹੀ ਹੈ ਜਿਸ ਲਈ ਝੂਠੇ ਮੋਹ ਤੇ ਭਰਮ ਦਾ ਭੁਲੇਖਾ ਅਸਲੀਅਤ ਸਮਾਨ ਹੈ। ਪਸ਼ੂਆਂ ਵਿਚ ਅਗਿਆਨਤਾ ਹੈ ਤੇ ਮਨੁੱਖਾਂ ਵਿੱਚ ਮੋਹ ਦਾ ਭੁਲੇਖਾ ਹੈ। ਗੁਰਫੁਰਮਾਨ ਹੈ :-

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥

(ਆਸਾ ਮਹਲਾ ੧-੩੫੭)

ਆਪਣੇ ਪਰਿਵਾਰ ਨਾਲ ਸਨੇਹ ਕਰਨਾ, ਭਲਾ ਸੋਚਣਾ ਤੇ ਭਲਾ ਕਰਨਾ ਤੇ ਉਸ ਦੀ ਦੇਖ ਭਾਲ ਕਰਨਾ ਹਰੇਕ ਜੀਵ ਦਾ ਕਰਤੱਵ ਹੈ। ਇਹ ਆਪਸੀ ਲਗਾਉ ਹੀ ਹੈ ਜਿਸ ਤੋਂ ਆਪਣਾ ਫਰਜ਼ ਨਿਭਾਉਣ ਦੀ ਪ੍ਰੇਰਨਾ ਮਿਲਦੀ ਹੈ, ਪਰ ਇਸ ਦਾ ਭਾਵ ਇਹ ਤਾਂ ਨਹੀਂ ਕਿ ਅਸੀਂ ਗਾਡੀ ਰਾਹ ਤੇ ਚੱਲਣ ਦੇ ਥਾਂ ਅਟਕ ਜਾਈਏ ਤੇ ਦੇਵਨਹਾਰ ਦਾਤਾਰ ਨੂੰ ਵਿਸਾਰ ਦਈਏ। ਸਾਨੂੰ ਸਾਵਧਾਨ ਕਰਨ ਲਈ ਗੁਰਦੇਵ ਜੀ ਦੇ ਬਚਨ ਹਨ :-

ਨਾਮ ਬਿਨਾ ਜੇਤੋ ਲਪਟਾਇਓ ਕਛੂ ਨਹੀ ਨਾਹੀ ਕਛੂ ਤੇਰੋ॥
ਆਗੈ ਦ੍ਰਿਸਟਿ ਆਵਤ ਸਭ ਪਰਗਟ ਈਹਾ ਮੋਹਿਓ ਭਰਮ ਅੰਧੇਰੋ॥੧॥
ਅਟਕਿਓ ਸੁਤ ਬਨਿਤਾ ਸੰਗ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ॥
ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰ ਮੇਰੋ॥........

(ਕਾਨੜਾ ਮਹਲਾ ੫॥ ੧੩੦੨-੧੩੦੩)

ਸਚੇ ਪਾਤਸਾਹ ਜਦ ਅਗਿਆਨਤਾ ਦੀ ਜੜ੍ਹ ਕੱਟਦੇ ਹਨ, ਤਦ ਸੋਈ ਹੁੰਦੀ ਹੈ ਕਿ ਸਾਡਾ ਨਿਵਾਸ ਐਸੇ ਸਰਵਰ ਵਿਚ ਹੈ, ਜਿਹੜਾ ਅੱਗ ਤੇ ਪਾਣੀ ਨਾਲ ਭਰਿਆ ਹੋਇਆ ਹੈ, ਪਰ ਉਸ ਦੀ ਤਹਿ ਵਿਚ ਮੋਹ ਦਾ ਐਸਾ ਚਿੱਕੜ ਹੈ ਜਿਸ ਵਿੱਚ ਦੀ ਲੰਘਣਾ ਔਖਾ ਹੈ ਪਰ ਡੁੱਬਣਾ ਸੋਖਾ ਹੈ।

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੁਬੀਅਲੇ॥ (ਆਸਾ ਮਹਲਾ ੧ ਚੁਪਦੇ-੩੫੭)

ਪੰਚਮ ਪਾਤਸਾਹ ਦਾ ਵੀ ਏਸੇ ਰਾਗ ਵਿਚ ਹੁਕਮ ਹੈ

ਪੰਕਜ ਮੋਹ ਸਰਿ ਹਾਂ ॥ ਪਗੁ ਨਹੀ ਚਲੈ ਹਰਿ ਹਾਂ॥ (੪੦੯)

ਆਪਣੇ ਜਤਨਾਂ ਨਾਲ ਦਲਦਲ ਤੋਂ ਛੁਟਕਾਰਾ ਪਾਉਣਾ ਕਠਨ ਨਹੀਂ, ਅਸੰਭਵ ਹੈ। ਜੀਵ ਇਕ ਪੈਰ ਉਤਾਂਹ ਚੁੱਕਦਾ ਹੈ ਤਾਂ ਦੂਜਾ ਪੈਰ ਖੁੱਭ ਜਾਂਦਾ ਹੈ। ਜੇ ਕੋਈ ਅਨਜਾਣ ਹਮਦਰਦ, ਉਸ ਦੀ ਸਹਾਇਤਾ ਲਈ ਦਲਦਲ ਵਿੱਚ ਵੜਨ ਦਾ ਉੱਦਮ ਕਰੇਗਾ ਤਾਂ ਉਹ ਆਪ ਵੀ ਬਚ ਕੇ ਨਹੀਂ ਨਿਕਲੇਗਾ। ਏਨੀ



www.AKJ.Org

ਉਸ ਵਿਚ ਸ਼ਕਤੀ ਨਹੀਂ ਕਿ ਬਾਹਰ ਬੈਠਾ ਉਸ ਨੂੰ ਬਚਾਉਣ ਵਿਚ ਸਫਲ ਹੋਵੇ। ਪੂਰੇ ਸਤਿਗੁਰੂ ਦੀ ਬਾਂਹ ਲੰਮੀ ਤੇ ਟਕੜੀ ਹੈ ਪਰ ਮੂਰਖ ਬੰਦਾ ਸਤਿਗੁਰੂ ਦੀ ਓਟ ਦੀ ਜਾਚਨਾ ਨਹੀਂ ਕਰਦਾ। ਐਸੇ ਸਮੇਂ ਸਤਿਗੁਰੂ ਅੱਗੇ, ਸੱਚੇ ਦਿਲ ਨਾਲ ਬੇਨਤੀ ਜਾਂ ਅਰਦਾਸ ਕਰਨ. ਬਣਦੀ ਹੈ।

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ॥
ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ॥
ਪ੍ਰਭ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ॥
ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ॥
ਜਨ ਨਾਨਕ ਹਰਿ ਕਿਰਪਾ ਧਾਰੀ ਮਨ ਹਰਿ ਹਰਿ ਮੀਠਾ ਲਾਇ ਜੀਉ॥
ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ॥

(ਆਸਾ ਮਹਲਾ ੪-੪੪੬-੪੭)

ਅਸੀਂ ਪੱਥਰ ਜੁ ਹੋਏ, ਔਗੁਣਾਂ ਨਾਲ ਭਰਪੂਰ ਹਾਂ ਤੇ ਪਾਪਾਂ ਕਰ ਕੇ ਭਾਰੇ ਹਾਂ। ਅਸੀਂ ਏਨੇ ਠੋਸ ਹਾਂ ਕਿ ਨਾਮ ਦਾ ਇਕ ਕਿਣਕਾ ਭੀ ਸਾਡੇ ਅੰਦਰ ਪਰਵੇਸ਼ ਨਹੀਂ ਕਰਦਾ। ਖੈਰ ਤਾਂ ਸਤਿਗੁਰੂ ਦੀ ਸ਼ਰਣੀ ਪਇਆ ਹੀ ਪੈਣਾ ਹੈ। ਪਾਵਨ ਹੁਕਮ ਹੈ॥

ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ॥
ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ॥

(ਕਾਨੜਾ ਮਹਲਾ ੪-੧੩੧੦-੧੧)

ਪਰਿਵਾਰ ਦਾ ਮੋਹ ਸਾਨੂੰ ਆਪਣੇ ਹਿੱਤਾਂ ਦੇ ਖੇਤਰ ਤੋਂ ਬਾਹਰ ਨਹੀਂ ਜਾਣ ਦਿੰਦਾ। ਜੁਆਨੀ ਦੀ ਅਵਸਥਾ ਹੋਵੇ ਜਾਂ ਦੁਨਿਆਵੀਂ ਖੁਸ਼ੀਆਂ ਮਾਨਣ ਦੀ ਸਮਰਥਾ ਹੋਵੇ ਤੇ ਸਾਰੇ ਸਾਧਨ ਉਪਲਬਧ ਹੋਣ, ਫਿਰ ਕੋਈ ਬੰਦਾ ਮੋਹ ਦੇ ਸਾਗਰ ਵਿਚ ਡੁੱਬਦਾ ਹੋਵੇ, ਕੋਈ ਅਨੋਖੀ ਗੱਲ ਨਹੀਂ, ਪਰ ਹੈਰਾਨੀ ਤਾਂ ਉਸ ਵੇਲੇ ਹੁੰਦੀ ਹੈ ਜਦ ਉਹ ਮੌਤ ਦੇ ਕਿਨਾਰੇ ਬੈਠਾ ਹੋਵੇ, ਸਾਰੇ ਪਰਿਵਾਰ ਤੋਂ ਨਾਤਾ ਤੋੜਨ ਲਈ ਤਿਆਰ ਹੋਵੇ ਪਰ ਉਸ ਦੀ ਸੁਰਤੀ ਦੁਕਾਨ, ਪਦਵੀ ਜਾਂ ਰਾਜਨੀਤਕ ਕੁਰਸੀ ਵਿਚ ਹੋਵੇ। ਏਹੋ ਜਿਹੀਆ ਘਟਨਾਵਾਂ ਇੱਕ ਨਹੀਂ, ਕਈ ਵਾਪਰਦੀਆਂ ਹਨ। ਦੇਸ਼, ਧਰਮ ਤੇ ਦੀਨਾ ਲਈ ਬਲੀਦਾਨ ਉਹੀ ਦੇ ਸਕਦਾ ਹੈ ਜਿਹੜਾ ਮੋਹ ਦੀਆਂ ਜੰਜ਼ੀਰਾ ਤੋਂ ਸੁਤੰਤਰ ਹੋਵੇ। ਹਕੀਕਤ ਰਾਇ ਦੀ ਮਾਤਾ ਮੋਹ ਦੇ ਅਧੀਨ, ਆਪਣੇ ਪੁੱਤਰ ਨੂੰ ਬਚਾਉਣ ਦੇ ਉਪਰਾਲੇ ਵਿਚ ਸਫਲ ਹੋ ਗਈ ਸੀ ਪਰ ਉਸ ਨੌਜਵਾਨ ਬੱਚੇ ਵਿੱਚ ਨਿਡਰਤਾ, ਤਿਆਗ, ਦਲੇਰੀ ਤੇ ਕੁਰਬਾਨੀ ਦੀ ਭਾਵਨਾ ਏਨੀ ਪ੍ਰਬਲ ਸੀ ਕਿ ਮਾਤਾ ਦੀਆਂ ਮੋਹ ਭਰੀਆਂ ਚਿਕਨੀਆਂ ਚੋਪੜੀਆਂ ਗੱਲਾਂ ਉਸ ਦੀ ਦ੍ਰਿੜਤਾ ਨੂੰ ਝੁਕਾ ਨਹੀਂ ਸਕੀਆਂ। ਇਹੋ ਤਾਂ ਸੱਚੀ ਰੀਤੀ ਹੈ ਕਿ ਜਦ ਨਾਮ ਦਾ ਭੰਡਾਰ ਹਿਰਦੇ ਵਿੱਚ ਨਿਵਾਸ ਕਰਦਾ ਹੈ ਤਾਂ ਇੱਕ ਦੂਜੇ ਦੇ ਮੋਹ ਵਿਚ ਕੋਈ ਰੋਂਦਾ ਨਹੀਂ।

ਆਸਾ ਮਹਲਾ ੧ ਪੰਚਪਦੇ
ਮੋਹੁ ਕੁਟੰਬੁ ਮੋਹੁ ਸਭ ਕਾਰ॥ ਮੋਹੁ ਤੁਮ ਤਜਹੁ ਸਗਲ ਵੇਕਾਰ॥੧॥
ਮੋਹੁ ਅਰੁ ਭਰਮੁ ਤਜਹੁ ਤੁਮ ਬੀਰ॥ ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ ਰਹਾਉ॥
ਸਚੁ ਨਾਮੁ ਜਾ ਨਵਨਿਧਿ ਪਾਈ॥ ਰੋਵੈ ਪੂਤੁ ਨ ਕਲਪੈ ਮਾਈ॥੨॥
ਏਤੁ ਮੋਹਿ ਡੂਬਾ ਸੰਸਾਰੁ॥ ਗੁਰਮੁਖਿ ਕੋਈ ਉਤਰੈ ਪਾਰਿ॥੩॥ (੩੫੬)

ਪਾਰ ਉਤਾਰਾ ਕੇਵਲ ਗੁਰਮੁਖ ਦਾ ਹੁੰਦਾ ਹੈ। ਨਿਗੁਰੇ ਪੁਰਸ਼ ਤੇ ਸਤਿਗੁਰ ਦੀ ਬਖਸ਼ਸ਼ ਦੇ ਮੀਂਹ ਦਾ ਅਸਰ ਨਹੀਂ ਹੁੰਦਾ, ਕਿਉਂਕਿ ਉਸ ਦਾ ਹਿਰਦਾ ਕੱਲਰ ਸਮਾਨ ਬੰਜਰ ਰਹਿੰਦਾ ਹੈ। ਉਸ ਲਈ, ਨਾਰੀ ਘਰ ਦੇਸ ਤੇ ਅਨਿਕ ਭਾਤ ਦੀਆਂ ਖੁਸ਼ੀਆਂ ਸਭ ਬੰਧਨ ਰੂਪ ਹਨ ਤੇ ਅੰਤ ਨੂੰ ਕੂਚ ਕਰਨ ਦੇ ਸਮੇਂ ਸਹਾਇਤਾ ਨਹੀਂ ਕਰ ਸਕਣਗੀਆ ਤੇ ਭੀੜਾ ਵੇਲੇ ਝੂਠੀਆਂ ਸਿੱਧ ਹੋਣਗੀਆਂ।

ਨਾਰੀ ਬੇਰੀ ਘਰ ਦਰ ਦੇਸ॥ ਮਨ ਕੀਆ ਖੁਸੀਆ ਕੀਚਹਿ ਵੇਸ॥


www.AKJ.Org

ਜਾਂ ਸਦੇ ਤਾਂ ਢਿਲ ਨ ਪਾਇ॥ ਨਾਨਕ ਕੂੜੁ ਕੂੜੋ ਹੋਇ ਜਾਇ॥

(ਰਾਗੁ ਪਰਭਾਤੀ ਬਿਭਾਸ ਮਹਲਾ ੧-੧੩੨੭)

ਪ੍ਰਸ਼ਨ :- ਇਸ ਬੰਧਨ ਦਾ ਕਾਰਨ ਕੀ ਹੈ?

ਉੱਤਰ :-ਸਤਿਗੁਰੂ ਦਾ ਫੁਰਮਾਨ ਹੈ।

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ॥
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥ (ਆਸਾ ਮਹਲਾ ੫, ੪੦੦)

ਅਰਥਾਤ, ਅਪਣਾ ਪਨ ਵਾਸਤਵ ਵਿਚ ਅਗਿਆਨਤਾ ਹੈ ਤੇ ਮੋਹ ਦਾ ਮੂਲ ਹੈ। ਤੇ ਅੰਤ ਸਮੇਂ ਮਾਇਆ ਨੇ ਵੀ ਸਾਥ ਨਹੀਂ ਦੇਣਾ, ਫਿਰ ਵੀ ਇਸ ਦੀ ਲਾਲਸਾ ਘਟਦੀ ਨਹੀਂ, ਵੱਧਦੀ ਜਾਂਦੀ ਹੈ। ਇਸ ਦਾ ਮੋਹ ਜਹਿਰੀਲੇ ਸੱਪ ਦਾ ਸੰਗ ਹੈ। ਭਰਾਵਾਂ ਵਿੱਚ ਲੜਾਈ, ਪਿਉ ਪੁੱਤਰ ਦੇ ਸੰਬੰਧ ਵਿੱਚ ਫਿੱਕ, ਸੰਬੰਧੀਆਂ ਦੀ ਆਪਸੀ ਰੰਜਸ, ਇਨ੍ਹਾਂ ਸਾਰਿਆਂ ਦੇ ਕਾਰਨਾਂ ਵਿੱਚ ਮੁੱਖ ਕਾਰਨ ਮਾਇਆ ਦਾ ਕੌਤਕ ਹੈ, ਗੁਰਬਾਣੀ ਵਿੱਚ ਮਾਇਆ ਨੂੰ ਨਾਗਣੀ ਆਖਿਆ ਹੈ, ਇਸ ਦਾ ਜ਼ਹਿਰ ਜਿਸ ਪ੍ਰਾਣੀ ਦੇ ਖੂਨ ਵਿੱਚ ਰੱਚ ਜਾਵੇ, ਉਸ ਦੀ ਜ਼ਹਿਰ ਖਾਣ ਦੀ ਤਲਬ ਦਿਨੋ ਦਿਨ ਵੱਧਦੀ ਜਾਂਦੀ ਹੈ। ਮਾਇਆ ਤੇ ਸੱਪ ਦਾ ਸੰਬੰਧ ਮ੍ਰਿਤੂ ਦੇ ਬਾਅਦ ਵੀ ਮੁੱਕਦਾ ਨਹੀਂ। ਅੰਤ ਸਮੇਂ ਜਿਸ ਪ੍ਰਾਣੀ ਦੇ ਮਨ ਵਿੱਚ ਮਾਇਆ ਦਾ ਮੋਹ ਜਾਗਦਾ ਹੈ, ਉਹ ਸੱਪ ਦੀ ਜੋਨਿ ਪ੍ਰਾਪਤ ਕਰਕੇ ਧੰਨ ਦੀ ਰਖਵਾਲੀ ਕਰਦਾ ਹੈ। *"ਅੰਤਿਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ ਵਲਿ ਵਲਿ ਅਉਤਰੈ॥"* (ਗੂਜਰੀ ਸ੍ਰੀ ਤਿਲੋਚਨ ਜੀਉ ਕੇ ਪਦੇ-੫੨੬)

ਮਾਇਆ ਦਾ ਮੋਹ ਬਹੁਤ ਪ੍ਰਬਲ ਹੈ। ਮਾਇਆ ਧਾਰੀ ਨੂੰ ਪ੍ਰਭੂ ਵਿੱਸਰਦਾ ਹੈ ਤ ਹਿਰਦੇ ਵਿੱਚ ਦੂਜੇ ਭਾਉ ਦਾ ਮੋਹ ਜਾਗਦਾ ਹੈ। ਸਤਿਗੁਰੂ ਦੇ ਫੁਰਮਾਨ ਅਨੁਸਾਰ ਮਾਇਆ ਮੋਹ ਸਗਲ ਸੰਸਾਰ ਵਿੱਚ ਵਿਆਪਕ ਹੈ। ਕਾਮ ਵਾਸ਼ਨਾ, ਮਾਇਆ, ਪੁੱਤਰ ਤੇ ਧੰਨ ਨਾਲ ਏਨਾ ਹੇਤ ਵੱਧ ਜਾਂਦਾ ਹੈ ਕਿ ਉਸ ਲਈ ਸੰਸਾਰ ਦਾ ਸਭ ਕਿਛ ਆਪਣਾ ਹੈ, ਇਹ ਰਾਮ ਹੀ ਬੇਗਾਨਾ ਹੈ।

ਮਾਇਆ ਮੋਹਿ ਸਗਲ ਜਗੁ ਛਾਇਆ॥ ਕਾਮਣਿ ਦੇਖਿ ਕਾਮਿ ਲੋਭਾਇਆ॥
ਸੁਤ ਕੰਚਨ ਸਿਉ ਹੇਤੁ ਵਧਾਇਆ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥੧॥

(ਪ੍ਰਭਾਤੀ ਮਹਲਾ ੧-੧੩੪੨)

ਮਾਇਆ ਨਾਗਨੀ ਹੀ ਨੀ ਛਲਨੀ ਵੀ ਹੈ। ਸਤਿਗੁਰੂ ਜੀ ਨੇ ਇਸ ਨੂੰ ਛਲਨਾਗਨਿ ਦੇ ਨਾਉ ਨਾਲ ਪੁਕਾਰਿਆ ਹੈ। ਹਰ ਕੋਈ ਸਹਜੇ ਹੀ ਇਸ ਦੇ ਧੋਖੇ ਵਿਚ ਫਸ ਜਾਂਦਾ ਹੈ। ਕੋਈ ਬਿਰਲਾ ਜਨ ਹੀ ਇਸ ਨਾਲੋਂ ਆਪਣਾ ਨਾਤਾ ਤੋੜਦਾ ਹੈ। ਇਸ ਦੀ ਸੋਝੀ ਬਾਰੇ ਫੁਰਮਾਨ ਹੈ

ਛਲਨਾਗਨਿ ਸਿਉ ਮੇਰੀ ਟੂਟਨਿ ਹੋਈ॥
ਗੁਰ ਕਹਿਆ ਇਹ ਝੂਠੀ ਧੋਹੀ॥ ਮੁਖਿ ਮੀਠੀ ਖਾਈ ਕਉਰਾਇ॥
ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ॥੨॥

(ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ-੧੩੪੭)

ਮੋਹ ਦੇ ਵਿਆਪਣ ਨਾਲ ਬੈਰਾਗ ਤੇ ਉਦਾਸੀਨਤਾ ਦੀ ਭਾਵਨਾ ਬਰਬਾਦ ਹੋ ਕੇ ਰਹਿ ਜਾਂਦੀ ਹੈ, ਨਾਮ ਜਪਣ ਤੇ ਸਬਦ ਚੀਨਣ ਦਾ ਉਤਸ਼ਾਹ ਹੀ ਨਹੀਂ ਰਹਿੰਦਾ, ਲੋਕ ਪਰਲੋਕ ਦੋਨਾਂ ਵਿੱਚ ਦੁੱਖ ਹੀ ਦੁੱਖ ਵਿਆਪਦੇ ਹਨ। ਪਾਪ ਰੂਪ ਕਾਲਖ ਦਾ ਦਾਗ ਲਗਾਉਣ ਲਈ ਮਾਇਆ ਦਾ ਮੋਹ ਬਹੁਤ ਸ਼ਕਤੀਵਾਨ ਹੈ ਤੇ ਆਪਣਾ ਰੰਗ ਦਿਖਾਏ ਬਿਨਾਂ ਨਹੀਂ ਰਹਿੰਦਾ। ਰੱਬ ਦੇ ਪਿਆਰੇ ਸੰਤ ਜਨ ਹੀ ਅਲਿਪਤ ਰਹਿੰਦੇ ਹਨ, ਜਿਵੇਂ ਜਲ ਵਿੱਚ ਮੁਰਗਾਈ ਦੇ ਖੰਭ ਭਿੱਜਦੇ ਨਹੀਂ ਹਨ। ਫੁਰਮਾਨ ਹੈ:-

ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ॥
ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ॥

(ਕਲਿਆਨ ਮਹਲਾ ੪-੧੩੨੪)


www.AKJ.Org

ਨਿਰਸੰਦੇਹ ਇਹ ਸੰਸਾਰ ਵਿਕਾਰਾਂ ਦੀ ਜਿੱਲਣ ਹੈ, ਮੋਹ ਦੀ ਦਲਦਲ ਹੈ। ਜੀਵ ਦੀ ਅਮੋਲਕ ਦੇਹੀ, ਜਿਸ ਨੂੰ ਨਾਮ ਜਪਣ ਦਾ ਅਉਸਰ ਪ੍ਰਾਪਤ ਹੋਇਆ ਹੈ, ਮੋਹ-ਰੂਪੀ ਅੰਨ੍ਹੇ ਖੂਹ ਵਿਚ ਡਿਗਿਆ, ਵਿਆਕਲ ਹੋਇ ਫਿਰਦਾ ਹੈ। ਇਸ ਦਸ਼ਾ ਵਿੱਚ ਕੋਈ ਬੰਦਾ ਸਹਾਇਤਾ ਨਹੀਂ ਕਰ ਸਕਦਾ, ਕੇਵਲ ਅਕਾਲ ਪੁਰਖ ਦੀ ਓਟ ਹੀ ਇਸ ਸੰਕਟ ਤੋਂ ਬਚਾਉਣ ਵਾਲੀ ਹੈ।

ਪਤੰਤਿ ਮੋਹ ਕੂਪ ਦੁਰਲਭ ਦੇਹੰ ਤਤ ਆਸ੍ਰਯੰ ਨਾਨਕ॥
ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ॥ (੧੩੫੪)

ਜਿਉਂ ਕਾਗਦ ਤੇ ਲੂਣ ਘਿਉ ਵਿੱਚ ਪਏ ਗਲਦੇ ਨਹੀਂ, ਖੁਰਦੇ ਨਹੀਂ, ਜਿਉ ਕਮਲ ਪਾਣੀ ਵਿੱਚ ਨਿਰਲੇਪ ਰਹਿੰਦਾ ਹੈ, ਤਿਵੇ-ਅਕਾਲ ਪੁਰਖ ਦੇ ਵਰੋਸਾਏ ਭਗਤ ਜਨਾਂ ਨੂੰ ਇਸ ਸੰਸਾਰ ਵਿਚ ਨਿਰਲੇਪ ਰਹਿਣ ਦੀ ਜੁਗਤੀ ਪ੍ਰਾਪਤ ਹੁੰਦੀ ਹੈ।

ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ।
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥ (ਰਾਮਕਲੀ ਮਹਲਾ ੧-੮੭੭)

ਮੋਹ ਦੇ ਸੰਬੰਧ ਵਿੱਚ ਇਕ ਘਟਨਾ ਬਹੁਤ ਦਿਲਚਸਪ ਤੇਂ ਸਿੱਖਿਆ ਦਾਇਕ ਹੈ। ਇਕ ਯੋਗੀ ਨੇ ਆਪਣੇ ਯੋਗ-ਬਲ ਤੇ ਅਭਿਆਸ ਨਾਲ ਕੰਵਲ ਵਾਂਗ ਨਿਰਲੇਪ ਰਹਿਣ ਦੀ ਅਵਸਥਾ ਪ੍ਰਾਪਤ ਕਰ ਲਈ। ਦੁੱਖ-ਸੁੱਖ, ਕੰਚਨ-ਪੈਸਾ, ਖੁਸ਼ੀ-ਗਮੀ ਤੇ ਉਸਤਤਿ-ਨਿੰਦਾ ਉਸ ਲਈ ਇਕ ਸਮਾਨ ਹੋ ਗਈ। ਉਸ ਦੇ ਹਿਰਦੇ ਵਿੱਚ ਪਰਉਪਕਾਰੀ ਭਾਵਨਾ ਜਾਗੀ, ਤੇ ਉਸ ਨੇ ਸੰਸਾਰ ਵਿੱਚ ਖੁੱਭੇ ਹੋਏ ਬੰਦਿਆਂ ਨੂੰ ਜੀਵਨ-ਮੁਕਤੀ ਦੀ ਪਦਵੀ ਪਰਦਾਨ ਕਰਨ ਲਈ, ਪੰਜ ਛੇ ਮਹੀਨੇ ਦੀ ਮਿਹਨਤ ਦੁਆਰਾ ਆਪਣੇ ਤਜਰਬੇ ਤੇ ਪ੍ਰਾਪਤੀ ਨੂੰ ਲਿਖਤੀ ਰੂਪ ਦੇ ਕੇ ਇੱਕ ਖਰੜਾ ਤਿਆਰ ਕੀਤਾ। ਉਸ ਨੇ ਇਸ ਦਾ ਜ਼ਿਕਰ ਆਪਣੇ ਖਾਸ ਮਿੱਤਰ ਕੋਲ ਕੀਤਾ, ਜਿਹੜਾ ਇਸ ਦਾ ਅਧਿਐਨ ਕਰਨ ਲਈ ਆਪਣੇ ਘਰ ਲੈ ਗਿਆ। ਕੁੱਝ ਦਿਨਾਂ ਬਾਅਦ ਉਹ ਮਿੱਤਰ ਮੂੰਹ ਲਟਕਾਏ ਆਇਆ ਤੇ ਦੁਖੀ ਹਿਰਦੇ ਨਾਲ ਦੱਸਿਆ ਕਿ ਉਹ ਖਰੜਾ ਰਾਹ ਵਿੱਚ ਕਿਤੇ ਗੁਆਚ ਗਿਆ। ਉਸ ਯੋਗੀ ਨੂੰ ਅਥਾਹ ਮਿਹਨਤ ਨਾਲ ਤਿਆਰ ਕੀਤੇ ਖਰੜੇ ਦੇ ਨੁਕਸਾਨ ਦਾ ਏਨਾ ਸਦਮਾ ਪਹੁੰਚਿਆ ਕਿ ਉਹ ਪਾਗਲ ਹੋ ਗਿਆ। ਕਿੰਨਾ ਅਜੀਬ ਭਾਣਾ ਵਰਤਿਆ ਕਿ ਦੂਜਿਆਂ ਨੂੰ ਮੋਹ ਦੇ ਚਿੱਕੜ ਤੋਂ ਬਚਾਉਣ ਵਾਲਾ ਆਪ ਹੀ ਚਿੱਕੜ ਵਿੱਚ ਫਸ ਗਿਆ।

ਸਤਿਗੁਰ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਹੀ ਤਿਆਗ ਤੇ ਪਰਉਪਕਾਰ ਦਾ ਸੁਚਿੱਤਰ ਸੀ। ਪਰਮੋਹ ਦੀ ਕੀ ਮਜਾਲ ਕਿ ਉਹ ਹਜੂਰ ਦੇ ਨਿਕਟ ਆਉਣ ਦਾ ਹੀਆ ਕਰਦਾ। ਗੁਰਦੇਵ ਜੀ ਨੂੰ ਮੋਹ ਦੇ ਦਾਉ-ਪੇਚਾ ਦਾ ਸੰਪੂਰਨ ਗਿਆਨ ਸੀ। ਆਪ ਜੀ ਨੇ ਘਰ-ਬਾਰ ਤਿਆਗ ਕੇ ਗਿਆਨ ਦੀ ਮਸਾਲ ਨਾਲ ਵਿੱਛੜਿਆਂ ਨੂੰ ਮਿਲਾਉਣ ਦਾ ਜਿਹੜਾ ਬੀੜਾ ਚੁੱਕਿਆ ਸੀ ਉਸ ਵਿਚ ਤਿਆਗ ਸੀ ਪਰ ਪਕੜ ਨਹੀਂ; ਗਰੀਬੀ ਸੀ, ਗਰੀਬੀ ਦਾ ਮਾਣ ਨਹੀਂ ਸੀ, ਲਗਨ ਸੀ, ਲਗਾਉ ਨਹੀਂ ਸੀ। ਆਪ ਜੀ ਦੀ ਦੈਵੀ ਰਹਿਤ ਵਿੱਚ ਭਟਕਣ ਨਹੀਂ ਟਿਕਾਉ ਸੀ। ਸਾਡੀਆਂ ਨਜਰਾਂ ਵਿੱਚ ਉਨ੍ਹਾ ਨੇ ਸਾਰੇ ਜਗਤ ਦਾ ਸਰੀਰਕ ਤੌਰ ਤੇ ਭ੍ਰਮਣ ਕੀਤਾ, ਪਰ ਗੁਰਦੇਵ ਜੀ ਮਾਨਸਕ ਤੌਰ ਤੇ ਹਮੇਸ਼ਾ ਸਹਜ ਅਵਸਥਾ ਵਿੱਚ ਰਹਿੰਦੇ ਸਨ। ਆਪ ਜੀ ਨੇ ਅਨਾਥਾਂ ਤੇ ਮਜ਼ਲੂਮਾਂ ਨਾਲ ਪਿਆਰ ਕੀਤਾ, ਸਨੇਹ ਕੀਤਾ ਪਰ ਮੋਹ ਨਹੀਂ ਕੀਤਾ ਸੀ। ਉਪਰੋਕਤ ਘਟਨਾ ਵਿੱਚ ਯੋਗੀ ਦਾ ਆਪਣੀ ਲਿਖਤ ਨਾਲ ਪਿਆਰ ਤਾਂ ਸੀ ਹੀ, ਮੋਹ ਵੀ ਹੋ ਗਿਆ ਸੀ, ਜਿਹੜਾ ਉਸ ਤੇ ਹਾਵੀ ਹੋ ਗਿਆ।

ਸਾਰੇ ਗੁਰੂ ਸਾਹਿਬਾਨ ਨੇ ਮੋਹ-ਰਹਿਤ ਕਰਨੀਆਂ ਦੇ ਕਈ ਨਮੂਨੇ ਪੇਸ਼ ਕੀਤੇ। ਚਮਕੌਰ ਦੀ ਗੜ੍ਹੀ ਵਿੱਚ ਵੱਡੇ ਦੋਨਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਮਹਾਨ ਤਿਆਗ ਤੇ ਕੁਰਬਾਨੀ ਨਾਲ ਭਰਪੂਰ ਹੈ ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣਾ ਤੇ ਦਯਾ ਸਿੰਘ ਤੇ ਧਰਮ ਸਿੰਘ ਨੂੰ ਗੜ੍ਹੀ ਤੋਂ ਬਾਹਰ ਕਢਵਾ ਕੇ ਬਚਾਉਣਾ ਇਹ ਸਿੱਧ ਕਰਦਾ ਹੈ ਕਿ ਹਜ਼ੂਰ ਦਾ ਆਪਣੇ ਸਪੁੱਤਰਾਂ ਨਾਲ ਮੋਹ ਨਹੀਂ ਸੀ ਜੇ ਹੁੰਦਾ ਤਾਂ ਬਚਾਉਣ ਦੀ ਕੋਸ਼ਿਸ਼ ਜ਼ਰੂਰ ਕਰਦੇ, ਪਿਆਰਿਆਂ ਨਾਲ ਪਿਆਰ ਸੀ ਤੇ ਉਨ੍ਹਾਂ ਨੂੰ ਬਚਾ ਲਿਆ ।

• • • • • •



www.AKJ.Org

# ਸਿਰਲੱਥ ਸੂਰਮਾ- ਬਾਬਾ ਦੀਪ ਸਿੰਘ

(ਬੀਬੀ ਅਜੀਤ ਕੌਰ ਲੁਧਿਆਣਾ)

ਸ਼ਹੀਦ ਕਿਸੇ ਕੌਮ ਦਾ ਅਮੋਲਕ ਸਰਮਾਇਆ ਹੁੰਦੇ ਹਨ। ਸ਼ਹੀਦ ਇੱਕ ਅਜਿਹਾ ਥੰਮ੍ਹ ਹੁੰਦਾ ਹੈ ਜੋ ਟੁੱਟਣਾ ਜਾਣਦਾ ਹੈ ਪਰ ਝੁਕਣਾ ਨਹੀਂ ਜਾਣਦਾ। ਸਿੱਖ ਕੌਮ ਦੇ ਅਣਗਿਣਤ ਸ਼ਹੀਦਾਂ ਵਿਚੋਂ ਬਾਬਾ ਦੀਪ ਸਿੰਘ ਜੀ ਉਹ ਮਹਾਨ ਸ਼ਹੀਦ ਹੋਏ ਹਨ, ਜਿਨ੍ਹਾਂ ਨੇ 80 ਸਾਲ ਦੀ ਬਿਰਧ ਅਵਸਥਾ ਵਿੱਚ ਅਜਿਹਾ ਖੰਡਾ ਵਾਹਿਆ ਕਿ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਮਿਲਣੀ ਅਸੰਭਵ ਹੈ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਤੱਕ ਅਪੜਨ ਦਾ ਪ੍ਰਣ ਅਨੋਖੇ ਢੰਗ ਨਾਲ ਪੂਰਾ ਕਰਕੇ ਦਿਖਾਇਆ ਕਿ ਦੁਨੀਆਂ ਨੂੰ ਹੈਰਾਨ ਕਰ ਦਿੱਤਾ।

ਬਾਬਾ ਦੀਪ ਸਿੰਘ ਜੀ ਦਾ ਜਨਮ ਜ਼ਿਲ੍ਹਾ ਲਹੌਰ ਦੇ ਇੱਕ ਪਿੰਡ ਪਹੁਵਿੰਡ ਵਿੱਚ 1682 ਈ: ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਭਗਤਾ ਤੇ ਮਾਤਾ ਜੀ ਦਾ ਨਾਂ ਜੀਊਣੀ ਸੀ। ਆਪ ਜੀ ਦੇ ਬਚਪਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ਪ੍ਰੰਤੂ ਇਸ ਗੱਲ ਬਾਰੇ ਪਤਾ ਲੱਗਦਾ ਹੈ ਕਿ ਆਪ ਜਵਾਨੀ ਦੀ ਉਮਰ ਵਿੱਚ ਆਪਣੇ ਮਾਤਾ ਪਿਤਾ ਤੇ ਪ੍ਰੀਵਾਰ ਦੇ ਬਾਕੀ ਜੀਆਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਦੇ ਨਗਰ ਅਨੰਦਪੁਰ ਵਿਖੇ ਚਲੇ ਗਏ। ਆਪ ਜੀ ਦੇ ਪਿਤਾ ਜੀ ਦਾ ਮਨੋਰਥ ਕੇਵਲ ਗੁਰੂ ਘਰ ਦੀ ਸੇਵਾ ਸੀ। ਇਨ੍ਹਾਂ ਗੁਰੂ ਘਰ ਦੀ ਸੇਵਾ ਏਨੀ ਲਗਨ ਨਾਲ ਕੀਤੀ ਕਿ ਗੁਰੂ ਜੀ ਨੇ ਸਾਰੇ ਪ੍ਰੀਵਾਰ ਨੂੰ ਸਿੱਖੀ ਦੀ ਦਾਤ ਬਖ਼ਸ਼ ਕੇ ਨਿਹਾਲ ਕਰ ਦਿੱਤਾ। ਕੁਝ ਸਮੇਂ ਬਾਅਦ ਭਾਈ ਭਗਤ ਸਿੰਘ ਤੇ ਮਾਤਾ ਜਿਊਣੀ ਜੀ ਤਾਂ ਵਾਪਸ ਪਿੰਡ ਪਰਤ ਆਏ ਪਰ ਬਾਲਕ ਦੀਪ ਸਿੰਘ ਗੁਰੂ ਜੀ ਪਾਸ ਹੀ ਠਹਿਰ ਗਏ। ਉਨ੍ਹਾਂ ਨੇ ਸਦਾ ਹੀ ਗੁਰੂ ਜੀ ਦੇ ਸੰਗ ਰਹਿਣਾ ਪ੍ਰਵਾਨ ਕਰ ਲਿਆ ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਦੀ ਤਿਆਰੀ ਦਾ ਕੰਮ ਮੁੜ ਕੇ ਅਰੰਭਿਆ ਤਾਂ ਉਸ ਸਮੇਂ ਸੇਵਾ ਕਰਨ ਦਾ ਮੌਕਾ ਆਪ ਜੀ ਨੂੰ ਵੀ ਮਿਲਿਆ। ਆਪ ਆਪਣੇ ਸਮੇਂ ਦੇ ਉਘੇ ਵਿਦਵਾਂਨ ਸਨ। ਭਾਈ ਮਨੀ ਸਿੰਘ ਜੀ ਨਾਲ ਮਿਲਕੇ ਦਸਮ ਪਾਤਸ਼ਾਹ ਦੇ ਹੁਕਮ ਅਨੁਸਾਰ ਆਪ ਲਿਖਾਈ ਦਾ ਕੰਮ ਕਰਦੇ ਰਹੇ। ਸੁੰਦਰ ਲਿਖਾਈ ਤੇ ਵਿਦਵਤਾ ਕਰਕੇ ਆਪ ਦੀਆ ਲਿਖੀਆਂ ਬੀੜਾਂ ਦਾ ਪ੍ਰਕਾਸ਼ ਚਾਰੇ ਤਖ਼ਤ ਸਾਹਿਬਾਂ ਤੇ ਕੀਤਾ ਗਿਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਚਲੇ ਗਏ ਤਾਂ ਬਾਬਾ ਦੀਪ ਸਿੰਘ ਜੀ ਨੂੰ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਦੀ ਸੇਵਾ ਦਾ ਕੰਮ ਸੌਂਪ ਗਏ ਤੇ ਉਸ ਸਮੇਂ ਤੋਂ ਲੈ ਕੇ 1760 ਤੱਕ ਬਾਬਾ ਦੀਪ ਸਿੰਘ ਜੀ ਇਸੇ ਥਾਂ ਤੇ ਰਹੇ ਤੇ ਸਿੱਖੀ ਦਾ ਪ੍ਰਚਾਰ ਤੇ ਗੁਰਮਤਿ ਦੀ ਵਿਆਖਿਆ ਕਰਕੇ ਸਿੱਖ ਕੇਂਦਰ ਦਮਦਮਾ ਸਾਹਿਬ ਨੂੰ ਚਲਾਂਦੇ ਰਹੇ ।

ਬਾਬਾ ਦੀਪ ਸਿੰਘ ਜੀ ਵਿਹਲੇ ਰਹਿਣਾ ਪਸੰਦ ਨਹੀਂ ਕਰਦੇ ਸਨ। ਇਸ ਲਈ ਆਪ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਫੌਜ ਵਿੱਚ ਭਰਤੀ ਹੋ ਗਏ। ਉਹਨਾਂ ਦੀ ਕਮਾਨ ਥੱਲੇ ਇਨ੍ਹਾ ਨੇ ਬਹਾਦਰੀ ਦੇ ਕਈ ਕਾਰਨਾਮੇਂ ਕੀਤੇ ਜਿੰਨ੍ਹਾਂ ਕਰਕੇ ਆਪ ਦੀ ਮਸ਼ਹੂਰੀ ਦੂਰ-ਦੂਰ ਤੱਕ ਫੈਲ ਗਈ। ਉਨ੍ਹਾਂ ਬਾਰੇ ਇਹ ਗੱਲ ਪ੍ਰਸਿੱਧ ਹੋ ਗਈ ਕਿ ਦੀਪ ਸਿੰਘ ਵੱਡੀ ਤੋਂ ਵੱਡੀ ਔਕੜ ਵਿੱਚ ਵੀ ਦਿਲ ਨਹੀਂ ਛਡੱਦੇ।

ਅਹਿਮਦ ਸ਼ਾਹ ਅਬਦਾਲੀ ਨੇ ਕਈ ਵਾਰ ਭਾਰਤ ਤੇ ਹਮਲਾ ਕੀਤਾ ਤੇ ਹਰ ਵਾਰ ਉਹਦਾ ਰਾਹ ਰੋਕਣ ਵਾਲੇ, ਉਹਦੀ ਫੌਜ ਨੂੰ ਨੁਕਸਾਨ ਪਹੁੰਚਾਣ ਵਾਲੇ ਤੇ, ਉਹਦੀ ਲੁੱਟ ਦੇ ਮਾਲ ਨੂੰ ਖੋਹ ਕੇ ਗਰੀਬਾਂ ਵਿੱਚ ਵੰਡਣ ਵਾਲੇ ਸਿੱਖਾਂ ਤੋਂ ਉਹ ਬਹੁਤ ਦੁਖੀ ਸੀ। ਪੰਜਾਬ ਵਿੱਚ ਥਾਂ ਥਾਂ ਤੇ ਸਿੱਖਾਂ ਦੇ ਜਥੇ ਛਾ ਗਏ ਸਨ ਤੇ ਉਹਨਾਂ ਨੇ ਅਮਲੀ ਰੂਪ ਵਿੱਚ ਇਥੋਂ ਦੀ ਹਕੂਮਤ ਨੂੰ ਨਕਾਰਾ ਕਰ ਦਿੱਤਾ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਇਹ ਹਾਲਤ ਵੇਖ ਕੇ ਕਰੜੇ ਤੇ ਜ਼ਾਲਮ ਇਨਸਾਨ ਜਹਾਨ ਖ਼ਾਨ ਨੂੰ ਲਹੌਰ ਦਾ ਗਵਰਨਰ ਨੀਯਤ ਕੀਤਾ ਅਤੇ ਉਸਨੂੰ ਇਸ ਗੱਲ ਲਈ ਪੱਕਾ ਕੀਤਾ ਕਿ ਉਹ ਪੰਜਾਬ ਵਿੱਚੋਂ ਸਿੱਖਾਂ ਹਸਤੀ ਦਾ ਨਾਮੋਂ-ਨਿਸ਼ਾਨ ਮਿਟਾ ਦੇਵੇ। ਜਹਾਨਖਾਨ ਨੇ ਕੁਝ ਅਜਿਹੇ ਫੌਜੀ ਦਸਤੇ ਪਿੰਡਾਂ ਵਿੱਚ ਭੇਜੇ


www.AKJ.Org

ਜੋ ਘਰ-ਘਰ ਪੁੱਛ ਪੜਤਾਲ ਕਰਕੇ ਸਿੱਖਾਂ ਨੂੰ ਖ਼ਤਮ ਕਰਨ ਦੇ ਪ੍ਰੋਗਰਾਮ ਨੂੰ ਸਫ਼ਲ ਕਰਨ ਦਾ ਯਤਨ ਕਰਨ ਲੱਗੇ। ਇਸ ਹਤਿਆਰੇ ਕਦਮ ਨਾਲ ਪਿੰਡਾਂ ਵਿੱਚ ਸਿੱਖ ਨਜ਼ਰ ਆਉਣੇ ਬੰਦ ਹੋ ਗਏ ਪਰ ਉਹ ਦੂਰ ਦੁਰਾਡੇ ਜੰਗਲਾਂ ਵਿੱਚ ਚਲੇ ਗਏ।

ਜਹਾਨ ਖ਼ਾਨ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਸਿੱਖਾਂ ਦਾ ਸਰੋਵਰ ਤੇ ਦਰਬਾਰ ਸਾਹਿਬ ਕਾਇਮ ਹੈ, ਇਹ ਲੋਕ ਖ਼ਤਮ ਨਹੀਂ ਹੋ ਸਕਦੇ। ਕਿਤਨੀ ਵੀ ਸਖ਼ਤੀ ਕਰੀਏ ਇਹ ਦਿਲ ਨਹੀਂ ਰਹਨਗੇ। ਇਥੇ ਸਰੋਵਰ ਵਿੱਚ ਇਸ਼ਨਾਨ ਕਰਕੇ ਤੇ ਦਰਬਾਰ ਸਾਹਿਬ ਮੱਥਾ ਟੇਕ ਕੇ ਇਹਨਾ ਨੂੰ ਨਵਾਂ ਜੀਵਨ, ਨਵਾ ਉਤਸ਼ਾਹ ਤੇ ਨਵਾਂ-ਜੋਸ਼ ਮਿਲ ਜਾਂਦਾ ਹੈ, ਇਸ ਲਈ ਇਹ ਜੀਵਨ-ਸੋਮਾਂ ਖ਼ਤਮ ਕੀਤਾ ਜਾਵੇ। ਜਹਾਨ ਖ਼ਾਨ ਨੇ ਅੰਮ੍ਰਿਤਸਰ ਨੂੰ ਆਪਣਾ ਹੈਡ-ਕੁਆਟਰ ਬਣਾ ਲਿਆ ਤੇ ਸਿਖਾਂ ਦੇ ਜਜ਼ਬਾਤ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਦਿੱਤਾ ਤੇ ਪਵਿਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ। ਇਸੇ ਤਰਾਂ ਹਰਿਮੰਦਰ ਸਾਹਿਬ ਨੂੰ ਅਪਵਿਤਰ ਕਰਨ ਲਈ ਉਸਨੇ ਕਈ ਕੋਝੀਆਂ ਕਰਤੂਤਾਂ ਕੀਤੀਆਂ ।

ਜਦ ਸ੍ਰੀ ਦਰਬਾਰ ਸਾਹਿਬ ਦੇ ਹੋਏ ਅਪਮਾਨ ਦੀ ਖ਼ਬਰ ਆਪ ਜੀ ਨੂੰ ਪਹੁੰਚੀ ਤਾਂ ਦਿਲ ਤੇ ਅਕਹਿ ਸੱਟ ਵੱਜੀ। ਅੰਦਰੋਂ ਦਿਲ ਨੇ ਟੁੰਬਿਆ ਤੇ ਉਸੇ ਵੇਲੇ ਆਪ ਨੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ ਤੇ ਆਸ ਪਾਸ ਦੇ ਸਿੱਖ ਟਿਕਾਣਿਆਂ ਤੇ ਇਤਲਾਹ ਭੇਜ ਦਿੱਤੀ। ਆਪ ਦੀ ਸਖ਼ਸ਼ੀਅਤ ਦਾ ਬੜਾ ਸਤਿਕਾਰ ਤੇ ਪ੍ਰਭਾਵ ਸੀ, ਇਸ ਲਈ ਝਟਪਟ ਸਿੰਘ ਆਪ ਦੀ ਅਗਵਾਈਂ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਮਾਲਵੇ ਚੋਂ ਕੂਚ ਕਰਦਿਆਂ ਕਰਦਿਆਂ ਖਾਲਸਾ ਦਲ ਦੀ ਗਿਣਤੀ ਪੰਜ ਹਜ਼ਾਰ ਹੋ ਗਈ ।

ਦਰਿਆ ਪਾਰ ਕਰਕੇ ਸਿੰਘ ਮਾਝੇ ਵਿੱਚ ਦਾਖ਼ਲ ਹੋ ਗਏ ਤੇ ਇਥੋਂ ਮਝੈਲ ਸਿੰਘ ਵੀ ਉਹਨਾਂ ਨਾਲ ਮਿਲ ਗਏ। ਸਿਧੇ ਤਰਨਤਾਰਨ ਪਹੁੰਚਕੇ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਤੇ ਅਰਦਾਸਾ ਕੀਤਾ। ਸੁੰਦਰ-ਪੁਸ਼ਾਕਾਂ ਪਾ ਕੇ ਸ਼ਹੀਦੀ ਗਾਨੇ ਬੰਨ੍ਹ ਲਏ। ਇਥੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਕਿ ਜੋ ਸ਼ਹੀਦੀ ਪਾਣ ਲਈ ਤਿਆਰ ਏ, ਉਹ ਇਸ ਲਕੀਰ ਨੂੰ ਪਾਰ ਕਰੇ। ਸਾਰੇ ਸਿੰਘ ਲਕੀਰ ਪਾਰ ਕਰ ਗਏ ਤੇ ਜੈਕਾਰੇ ਛੱਡ ਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਅੰਮ੍ਰਿਤਸਰ ਸ਼ਹਿਰ ਤੋਂ ਪੰਜ ਮੀਲ ਬਾਹਰ ਜਹਾਨ ਖਾਨ ੨੦ ਹਜ਼ਾਰ ਫੌਜ ਲੈ ਕੇ ਟਾਕਰੇ ਲਈਂ ਆ ਹਾਜ਼ਰ ਹੋਇਆ। ਬੜੀ ਜ਼ਬਰਦਸਤ ਲੜਾਈਂ ਹੋਈ। ਗੁੱਸੇ ਤੇ ਜੋਸ਼ ਵਿੱਚ ਸਿੰਘਾਂ ਨੇ ਅਜਿਹਾ ਹਮਲਾ ਕੀਤਾ ਕਿ ਜ਼ਹਾਨ ਖ਼ਾਨ ਦੀਆਂ ਫੌਜਾਂ ਦੇ ਦੰਦ ਖੱਟੇ ਕਰ ਦਿੱਤੇ। ਉਹਦੀ ਫੌਜ ਪਿੱਛੇ ਹਟਦੀ ਗਈ ਤੇ ਸਿੰਘ ਤਲਵਾਰ ਵਾਹੁੰਦੇ ਸ਼ਹਿਰ ਦੇ ਨੇੜੇ ਪਹੁੰਚ ਗਏ।

ਇਸ ਵੇਲੇ ਸਿਖਾਂ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਸਨ। ਭਾਵੇਂ ਉਹਨਾਂ ਦੀ ਉਮਰ ਇਸ ਵੇਲੇ 80 ਸਾਲਾਂ ਦੀ ਸੀ ਪਰ ਉਹਨਾਂ ਵਿੱਚ ਜਵਾਨਾਂ ਵਾਲਾ ਜੋਸ਼ ਤੇ ਤਕੜਾਈ ਸੀ। ਉਹਨਾਂ ਦੇ ਸਾਰੇ ਦੰਦ ਨਿਕਲ ਚੁੱਕੇ ਸਨ ਤੇ ਕੇਸ ਦੁੱਧ ਚਿੱਟੇ ਹੋ ਚੁੱਕੇ ਸਨ ਪਰ ਉਹਨਾਂ ਦੀਆਂ ਭੁਜਾਵਾਂ ਵਿੱਚ ਬਲ ਸੀ ਅਤੇ ਹੱਥਾਂ ਵਿੱਚ ਪੂਰੀ ਸਥਿਰਤਾ ਸੀ। ਉਹਨਾਂ ਨੇ ਬਾਲਪਨ ਤੋਂ ਹੀ ਆਪਣੀ ਜਵਾਨੀ ਨੂੰ ਸਾਂਭ ਕੇ ਰੱਖਿਆ ਹੋਇਆ ਸੀ ਅਤੇ ਹੁਣ ਬੁਢਾਪੇ ਵਿੱਚ ਵੀ ਉਹਨਾਂ ਅੰਦਰ ਗਭਰੂਆਂ ਵਾਲੀ ਦਲੇਰੀ ਤੇ ਜਾਨ-ਬਾਜ਼ੀ ਸੀ। ਉਹਨਾਂ ਨਾਲ ਹੋਰ ਵੀ ਸਿੱਖ ਸਿਪਾਹੀ ਤਿਆਰ ਬਰ ਤਿਆਰ ਸਨ।

ਪਿੰਡ ਗੋਹਲਵੜ ਦੇ ਪਾਸ ਸਿੱਖਾਂ ਤੇ ਦੁਸ਼ਮਣਾਂ ਦੀਆਂ ਫ਼ੌਜਾਂ ਆਹਮੋ ਸਾਹਮਣੇ ਹੋਈਆਂ। ਦੁਸ਼ਮਣਾਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਉਹਨਾ ਨੇ ਸਿੱਖ-ਫੌਜ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ। ਇਹ ਵੇਖ ਕੇ ਬਾਬਾ ਦੀਪ ਸਿੰਘ ਜੀ ਨੇ ਤਲਵਾਰ ਸੂਤ ਲਈ ਅਤੇ ਸਿੱਧੇ ਹਮਲੇ ਸ਼ੁਰੂ ਕਰ ਦਿੱਤੇ। ਸਿੱਖਾਂ ਨੇ ਤਲਵਾਰਾਂ ਲਿਸ਼ਕਾਈਆਂ ਤੇ ਲੋਹੇ ਨਾਲ ਲੋਹਾ ਖੜਕਣ ਲੱਗਾ। ਧਰਤੀ ਖ਼ੂਨ ਨਾਲ ਲਾਲੋ ਲਾਲ ਹੋ ਗਈ। ਇਹ ਵੇਖਕੇ ਮੁਸਲਮਾਨ ਭੈ ਭੀਤ ਹੋ ਗਏ ਅਤੇ ਸਿੱਖ-ਫੌਜਾਂ ਅੱਗੇ ਵਧਣ ਲੱਗੀਆਂ। ਮੁਸਲਮਾਨ ਕਪਤਾਨ ਅਮਾਨ-ਖਾਂ ਨੇ ਲਲਕਾਰਾ ਮਾਰਿਆ ਤੇ ਕਿਹਾ ," ਮੈਂ ਸੁਣਿਆ ਹੈ ਕਿ ਬਾਬਾ ਦੀਪ ਸਿੰਘ ਸਿੱਖ ਸਿਪਾਹੀਆਂ ਵਿੱਚੋਂ ਸਭ ਤੋਂ ਬਹਾਦਰ


www.AKJ.Org

ਹੈ। ਜੇ ਇਹ ਸੱਚ ਹੈ ਤਾਂ ਅਗਾਂਹ ਵੱਧ ਕੇ ਮੇਰੇ ਇਕੱਲੇ ਨਾਲ ਇਕੱਲਾ ਯੁੱਧ ਕਰ ਲਏ '' ਜਦੋਂ ਬਾਬਾ ਦੀਪ ਸਿੰਘ ਨੇ ਸੁਣਿਆਂ ਤਾਂ ਉਨ੍ਹਾ ਜੁਆਬ ਦਿੱਤਾ, ''ਮੈਂ ਤਿਆਰ ਹਾਂ।'' ਦੋਹਾਂ ਸੂਰਬੀਰਾਂ ਵਿੱਚ ਜ਼ਬਰਦਸਤ ਮੁਕਾਬਲਾ ਸ਼ੁਰੂ ਹੋਇਆ। ਕਦੇਂ ਇੱਕ ਜਿਤਦਾ ਨਜ਼ਰ ਆਉਂਦਾ ਸੀ ਤੇ ਕਦੇ ਦੂਜਾ ਦੋਵੇਂ ਇੱਕ ਦੂਜੇ ਦੇ ਵਾਰਾਂ ਦੀ ਰੋਕ-ਥਾਮ ਕਰ ਰਹੇ ਸਨ। ਦੋਹਾਂ ਦੇ ਘੋੜੇ ਲੜਦਿਆਂ ਲੜਦਿਆ ਡਿਗ ਕੇ ਮਰ ਗਏ। ਆਹਮੋਂ-ਸਾਹਮਣੇ ਲੜਾਈ ਹੋਈ। ਮੁਸਲਮਾਨ ਜਰਨੈਲ ਦਾ ਸਿਰ ਵੱਢਿਆ ਗਿਆ। ਬਾਬਾ ਦੀਪ ਸਿੰਘ ਜੀ ਸਖ਼ਤ ਜ਼ਖਮੀ ਹੋ ਗਏ ਪਰ ਉਹ ਲੜਦੇ-ਲੜਦੇ ਅੱਗੇ ਅੱਗੇ ਵਧਦੇ ਗਏ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਉਹਨਾਂ ਦਾ ਸਿਰ ਧੜ ਤੋਂ ਅਲੱਗ ਹੋ ਗਿਆ ਸੀ ਪਰ ਆਪਣਾ ਪ੍ਰਣ-ਨਿਭਾਣ ਲਈ ਉਹਨਾਂ ਵਿੱਚ ਅਜਿਹੀ ਸ਼ਕਤੀ ਜਾਗੀ ਕਿ ਉਹਨਾਂ ਆਪਣਾ ਸੀਸ ਖੱਬੇ ਹੱਥ ਦੀ ਤਲੀ ਤੇ ਰੱਖ ਲਿਆ ਤੇ ਬਿਨਾ ਸੀਸ ਲੜਦੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਦੀਪ ਸਿੰਘ ਦੇ ਸਾਥੀ ਮੁਖੀ ਸ: ਧਰਮ ਸਿੰਘ ਸ: ਖੇਮ ਸਿੰਘ, ਸ: ਰਾਮ ਸਿੰਘ ਵੀ ਅਨੇਕਾਂ ਸਿੰਘਾਂ ਸਮੇਤ ਸ਼ਹੀਦ ਹੋ ਗਏ। ਇਸ ਜੰਗ ਵਿੱਚ ਪਠਾਣ ਜਰਨੈਲਾਂ ਵਿੱਚੋਂ ਸਾਬਰ ਅਲੀ ਖਾਂ ਰੁਸਤਮ ਅਲੀ ਖਾਂ ਤੇ ਜ਼ਬਰਦਸਤ ਖਾਂਨ ਮਾਰੇ ਗਏ। ਇਹਨਾਂ ਜਰਨੈਲਾਂ ਨੂੰ ਮਾਰਨ ਵਾਲੇ ਅਣਖੀਲੇ ਸਿੰਘ ਸਰਦਾਰ ਹੀਰਾ ਸਿੰਘ ਤੇ ਸ: ਬਲਵੰਤ ਸਿੰਘ ਸਨ। ਜਦ ਇਤਨੇ ਜਰਨੈਲ ਮਾਰੇ ਗਏ ਤਾਂ ਪਠਾਣੀ, ਅਫ਼ਗਾਨੀ ਤੇ ਮੁਸਲਮਾਨਾ ਦੇ ਹੌਸਲੇ ਟੁੱਟ ਗਏ ਤੇ ਉਹ ਦਰਬਾਰ ਸਾਹਿਬ ਦਾ ਘੇਰਾ ਛੱਡ ਕੇ ਭੱਜ ਗਏ। ਬਾਕੀ ਸਿੰਘਾਂ ਨੇ ਅਟਾਰੀ ਤੱਕ ਪਠਾਣੀ ਫੌਜਾਂ ਦਾ ਪਿੱਛਾ ਕੀਤਾ ਤੇ ਪਠਾਣੀ ਫੌਜ ਤੋਂ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਦਾ ਬਦਲਾ ਲਿਆ। ਉਹਨਾ ਦਾ ਬਹੁਤਾ ਜਾਨੀ ਨੁਕਸਾਨ ਕੀਤਾ ਤੇ ਅਸਲਾ ਖੋਹ ਲਿਆ ।

ਬਾਬਾ ਦੀਪ ਸਿਘ ਜੀ ਦੇ ਸ਼ਹੀਦੀ ਅਸਥਾਨ ਤੇ ਉਹਨਾ ਦੀ ਯਾਦਗਾਰ ਬਣੀ ਹੋਈ ਹੈ। ਬਾਕੀ ਸ਼ਹੀਦਾ ਦੀਆਂ ਯਾਦਗਾਰਾਂ ਵੀ ਅੰਮ੍ਰਿਤਸਰ ਸ਼ਹਿਰ ਵਿੱਚ ਬਣੀਆ ਹੋਈਆਂ ਹਨ। ਬਿਬੇਕ ਸਰ ਦੇ ਕੰਢੇ ਸ: ਧਰਮ ਸਿੰਘ ਦੀ ਯਾਦਗਾਰ ਵਜੋਂ ਗੁਰਦੁਆਰਾ ਹੈ। ਇਸੇ ਤਰ੍ਹਾ ਕਟੜਾ ਰਾਮਗੜ੍ਹੀਆ ਤੇ ਅਖਾੜਾ ਮਗਨੀ ਰਾਮ ਨੇੜੇ ਸ਼ਹੀਦਾਂ ਦੀ ਲਾ ਮਿਸਾਲ ਕੁਰਬਾਨੀ ਯਾਦ ਤਾਜ਼ਾ ਕਰਦੇ ਹੋਏ ਗੁਰਦੁਆਰੇ ਹਨ।

ਬਾਬਾ ਦੀਪ ਜੀ ਦੀ ਉਮਰ ਦਾ ਬੁੱਢਾ ਜਰਨੈਲ ਇਤਿਹਾਸ ਵਿੱਚ ਹੋਰ ਕੋਈ ਨਹੀਂ ਮਿਲਦਾ ਤੇ ਨਾ ਹੀ ਜਿਵੇਂ ਆਪ ਨੇ ਸ਼ਹੀਦੀ ਪਾਈ ਹੈ ਉਸਦੀ ਮਿਸਾਲ ਕਿਤਿਉਂ ਮਿਲਦੀ ਹੈ। ਉਹਨਾ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਹੋਇਆਂ ਸਾਡੇ ਮੂੰਹੋਂ ਆਪੇ ਹੀ ਨਿਕਲਦਾ ਹੈ, ''ਧੰਨ ਧੰਨ ਬਾਬਾ ਦੀਪ ਸਿੰਘ ਜੀ'' ਆਪ ਜੀ ਨੇ ਗੁਰੂ ਸਾਹਿਬਾਂ ਦਾ ਇਹ ਕਥਨ ਸੱਚ ਕਰ ਵਿਖਾਇਆ :-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (ਪੰਨਾ ੧੪੧੨)

(ਪੰਨਾ ੩ ਦਾ ਬਾਕੀ...)

ਗੁਰਮਤਿ ਦੇ ਕਰਮ ਵੱਡੇ ਕੀਆਂ ਵਡਿਆਈਆਂ ਚੰਗੀਆਈਆਂ ਮਈ ਸੱਚਿਆਂ ਸੁੱਚਿਆਂ ਕਰਮੀਆਂ ਵਿਚੋਂ ਸ੍ਰੇਸ਼ਟ ਕਰਮੀਆਂ ਵਾਲੇ ਕਰਮ ਹਨ। ਪਰ ਸਭ ਤੋਂ ਵਿਸੇਖ ਅਤੇ ਸ੍ਰੇਸ਼ਟ ਕਰਮ ਨਾਮ ਹੈ, ਜੋ ਦਰਗਹ ਅੰਦਰਿ ਭੀ ਖ਼ਾਸ ਵਿਸ਼ੇਸ਼ਤਾ ਸਹਿਤ ਸਫਲ ਫਲਿਆ ਨਾਲੇ ਜਾਣਾ ਹੈ। ਮਸਤ ਹਾਥੀ ਰੂਪੀ ਮਨ ਮੈਗਲ ਨੂੰ ਵਸਗਤਿ ਕਰਨ ਲਈ ਗੁਰੂ ਦਾ ਬਖਸ਼ਿਆ ਹੋਇਆ ਗੁਰਮਤਿ ਨਾਮ ਰੂਪੀ ਅੰਕੁਸ (ਕੁੰਡਾ) ਹੀ ਹੈ। ਇਸ ਗੁਰਸ਼ਬਦ ਰੂਪੀ ਅੰਕੁਸ ਦੇ ਬਾਰੰਬਾਰ ਮਨ ਵਿਚਿ ਮਾਰਨ ਕਰ ਕੇ, ਅਰਥਾਤ ਸੁਆਸਿ ਸੁਆਸਿ ਗੁਰਮਤਿ ਨਾਮ ਦਾ (ਜੋ ਗੁਰੂ ਦੁਆਰਿਓਂ ਦ੍ਰਿੜ੍ਹ ਹੋਇਆ ਹੈ) ਖੰਡਾ ਖੜਕਾਉਣ ਕਰ ਕੇ ਸਭ ਭਰਮ ਭੇਖੀ ਕਰਮਾਂ ਵਾਲਾ ਪਾਖੰਡ ਚੁਕਿਆ ਜਾਂਦਾ ਹੈ ॥੭॥

ਇਹ ਤਨੁ ਸਰੀਰ ਸੱਚੇ ਸਰਾਫ ਦੀ ਹਟੜੀ ਹੈ ਭਾਈ ਜਿਸ ਵਿਚ ਅਪਾਰ ਅਮੁਲੇ ਨਾਮ ਦੀ ਵਖਰ ਵਿਹਾਜੀਦੀ ਹੈ। ਇਸ ਵਖਰ ਨੂੰ ਸੋਈ ਵਾਪਾਰੀ ਵਿਹਾਜਦਾ ਹੈ ਜੋ ਗੁਰ-ਸ਼ਬਦ ਗੁਰ-ਮੰਤਰ ਨਾਮ ਅਭਿਆਸ ਦੀ ਅਤੁਟ ਕਮਾਈ ਕਰਦਾ ਹੈ। ਧੰਨਤਾ ਯੋਗ ਹੈ ਇਹ ਵਾਪਾਰੀ ਜੋ ਵਾਹਿਗੁਰੂ-ਮਿਲਾਪ ਸੰਦਾ ਸੱਚਾ ਵਾਪਾਰ ਕਰਦਾ ਹੈ। ਨਹੀਂ ਤਾਂ ਹੋਰ ਪਾਖੰਡ ਕਰਮਾਂ ਦੇ ਕਰਨਹਾਰੇ ਕੂੜਾਵੇ ਵਾਪਾਰ ਦੇ ਕੂੜੇ ਵਾਪਾਰੀ ਹੀ ਹਨ ।



www.AKJ.Org

# Who IS A SIKH?

By Jaspinder Singh

A question of great relevance, particularly at present time when Sikh Nation is preparing to celebrate Tercentenary on the Baisakhi of 1999 of the revelation of the Khalsa is `Whom do we call a Sikh?' Many are the factors that have led to the present sorry state of epidemic spread of apostasy among the so-called Sikh masses. To understand the problem, one has to search deep the meaning of FAITH from our old and recent history and the human phyche.

The basic motivating factor for man to seek religion from the prehistoric times has been FEAR. Man feared natural forces, so he started worship of these forces. Personal security and self-preservation have made him to appease and worship whatever can endanger or protect him.

This human instinct brought in exploitation of man by two classes, one of the ruthless rulers inducing fear and the other of priestly class promising Divine help in promoting better life both here and hereafter. Man has been submitting to both out of fear, greed and helplessness.

Such were the prevalent conditions in the country when Guru Nanak ushered in sikhism in the fifteenth century. The alien rulers despised the ruled poor. They took away whatever they wanted from the hapless masses, who lost all their self dignity and sense of honour. In spite of the pain and disgrace, the subjects were out to appease the haughtu ruling class. In addition to their 1misery through rulers, the people were being subjected to stavery and deprivation of their meager earnings by the priestly class of Brahmans and Maulvis. The priests wielded both powers of inducing fear and holding rich promises for subjecting the ignorant and gutless masses.

Guru Nanak gave Divine message of hope to the people. He emphasized on the right to resist exploitation, appealing to common sense, equality of man, human dignity and direct relationship of man with God. He met the challenge of evil forces head on, whether it be Malik Bhago or the invading Babar, while promoting self-confidence and laying the foundations of a high social order and simple religion of whole-life system

Teachings of Guru Nanak, like Fatherhood of God and Brotherhood of mankind, established direct relationship between God and man, equality among men before God, willingness to work for common good, to regard human life as an opportunity for God-realization and Divine gift. For a Sikh, exploitation as well as being exploited were made unpardonable sins. Sikhism aspires for a just social order where the members not only wanted, to live and let live' but also die for each other whenever so required.



www.AKJ.Org

Such is the Sikh doctrine of Miri and Piri. A person feels blessed to be a Sikh, happy to serve God and man in the Name of God!

The sikh way of life was lived and perpetuated by the Ten Gurus among the Sikhs for a long period of 230 years through the common Spirit of Nanak. In fact the person of Guru was never considered `The Guru' but the Revealed Divine Word has all along been worshipped and venerated. The accumulated Gurubani was consolidated in Sri Guru Granth Sahib. At the ripe time of Baisakhi Day in 1699, The Tenth Nanak, Sri Guru Gobind Singh gave the Sikhs a very special identity through Baptism of the Double-edged sword. The newly baptized Sikhs become the Khalsas, the Lions of Akal Purakh, The Saint-Soldiers. The Guru conducted a test of the Sikhs Faith by asking for the supreme sacrifice before baptizing. The chosen five Khalsas, known as the Five Piaras were authorized to officiate on behalf of the person of Guru Before the end of his earthly mission, Guru Gobind Singh ended the personal line of Guruship by declaring Sri Guru Granth Sahib to be the Eternal Spiritual Guru and body of sikh Nation as the Panth Khalsa Guru, acting in the presence of Sri Guru Granth Sahib and in the light of the teachings of Gurubani, Gurmat. Thus have been made the important decisions affecting the Sikh Nation, called Gurmatas. What a truly democratic way of functioning !

The discipline for the Khalsa is called Rehat, to include both inner and outer disciplines as the code of living. Any slackness in the discipline is bound to be reflected in the character and bring about moral weakness. There can be no compromise on disciplines of the Saint-Soldier, cast in the mould of the Guru himself.

The Guru arranged a practical demonstration through a donkey covered in the skin of a line that betrayed the true identity by braying. While paying rich complinments to the Khalsa, Guru Gobind Singh promises all the Glory to the Khalsa so long as the True and whole identity is maintained.

History has borne this Truth when the Khalsa covered themselves with Glory passing through the most d ifficult times. Even the enemy was paying tributes to the Khalsa character. All kinds of sufferings failed to dominate the ever-soaring spirit of the Khalsa that never shirked to make any sacrifices to uphold Righteousness. The purpose of life was being fulfilled by turning it into immortality.

Such a religion, as one can see, is lived day to day in the Presence of God, in Truth. There is no scope for a fake Sikh. Such a person is bound to feel wretched and self-condemned, in doubt and fear, whereas a True Sikh is ever cheerful and soaring in spirt, contributing to and praying for general peace and well being. It is the total commitment to God and His Will, without any compromise with the Fullness of Truth.


www.AKJ.Org

The general fallacy is that one is a Sikh by the incidence of birth and can remain so without seeking Baptism and being dedicated to the tenets of Sikhism. Nothing can be ridiculous. Of course birth in a Sikh family provides the environment and initial impetus to become a Sikh, but one has to make deliberate choice and commitment to the life system of Gurmat. In practice one can be imperfect, a Sikh that is in making. There has to be a realization of the shortcomings and zealous efforts for their removal. The attitude of compromise with a downward trend and weakness is what is self-ruinous. Like the unplugged leak of a water dam, it is most likely to increase towards a disaster.

In the Dos and Do-nots of Rehat, the living code for Sikhs, there is particular emphasis on visiting Gurdwara twice daily to join the holy congregation. Besides listening to Gurbani Kirtan and Katha, it is an opportunity to meet the practising Sikhs for useful interaction. Here the influence of company is acknowledged and thus a desirable company is strongly recommended. The evil company, imparting evil thoughts, has to be shunned like a snake. This is not a question of hating another person, but guarding against undesirablel thoughts that may be injurious to the unwary mind.

It is not intended here to enumerate the prevalence of weakness that have crept-in general in the so-called Sikhs today and have been compromised with, but the disastrous effect is there for all to see. For a resurgence and restoration of the past Glory of the Panth, let there be more stress on the quality and genuineness rather than numbers in seekers to Sikh Baptism. One must understand the implications of being a Sikh and the doctrines and make a full conscious commitment to tread the Gurmat way making all necessary sacrifices. The half-baked Sikhs, who have just walked in for a personal design, can do more harm than any known enemy. Their bad example is likely to be copied by unsuspecting innocent Sikhs and certain evils thus introduced may become difficult to remove from the body of Khalsa Panth.

A Sikh therefore is the Baptized Khalsa, who accepts and practices the Gurmat way of life. He is aware of the personal code of Sikh living and makes genuine effort to follow this in its totality. The difference in a real Sikh and a fake Sikh lies in their attitude towards a shortcoming, whether it is zealous effort for improvement or callousness of a compromise. A Sikh is never subduces in spirit, but always soaring in joyfulness of meeting challenfes of life head-on. He treads the righteous path, in accordance with Will-Divine. A true Sikh has to be virtuous in the likeness of his Divine Father, always living in Divine-presence. Nothing short of this is a Ture Sikh. Let us therefore be the aspiring Sikhs, that God urged through Guru Gobind Singh. Then alone we may greet each other 'The Khalsa is of WaheGuru, the Lord Almighty, to Whom all the Glory of Victory belongs.'

— — — —



www.AKJ.Org

# ਗੁਰੂ ਨਾਨਕ ਦੇ ਪੈਰੋਕਾਰਾਂ ਨੂੰ

(ਸੰਤਾਂ ਸਿੰਘ ਆਜਿਜ਼)

ਨਾਨਕ ਦੇ ਪੈਰੋਕਾਰੋ, ਨਾਨਕ ਦੇ ਦਰ ਤੇ ਆਓ।
ਇਹ ਬਖਸ਼ਿਸ਼ਾਂ ਦਾ ਦਰ ਹੈ, ਬਖਸ਼ਿਸ਼ ਗੁਰਾਂ ਤੇ ਪਾਓ।
ਗੁਰਮਤਿ ਤੇ ਨਿਸ਼ਚਾ ਧਾਰੋ, ਮਨਮਤਿ ਮਨੋ ਵਿਸਾਰੋ।
ਗੁਰਮਤਿ ਤੋਂ ਸੇਧ ਲੈਕੇ, ਹਰ ਇਕ ਸ਼ਗਨ ਮਨਾਓ।
ਗੁਰਮਤਿ ਨੇ ਬਖਸ਼ਿਆ ਹੈ, ਜੀਵਨ ਦਾ ਗਿਆਨ ਸਾਨੂੰ।
ਰਸਮਾਂ ਸਵੱਲੀਆਂ ਦਾ, ਦਿਤਾ ਵਿਧਾਨ ਸਾਨੂੰ।
ਕਰਕੇ ਅਨੰਦ ਕਾਰਜ, ਧੀ ਟੋਰੋ, ਨੂੰਹ ਲਿਆਓ।
ਘਰ ਆਪਣਾ ਸੰਭਾਲੋ, ਕੁੜਮਾਂ ਦਾ ਘਰ ਬਚਾਓ।
ਸੰਜਮ ਤੇ ਸਾਦਗੀ ਦਾ, ਲੈਂਦੇ ਨੇ ਜੋ ਸਹਾਰਾ।
ਜੀਵਨ ਸਫਲ ਬਿਤਾਉਂਦੇ, ਰਸਮਾਂ ਦਾ ਲਾਹ ਕੇ ਭਾਰਾ।
ਜੋ ਆਪਣੇ ਬਾਹੂ ਬਲ ਤੇ, ਸਿਦਕੀ ਕਰਨ ਗੁਜ਼ਾਰਾ।
ਨੂੰਹ, ਧੀ ਸਮਾਨ ਸਮਝਣ, ਰੁਤਬਾ ਉਹਨਾਂ ਦਾ ਨਿਆਰਾ।
ਬੇਸ਼ਕ ਹੈ ਅਮੀਰੀ, ਮਨ ਵਿਚ ਗਰੀਬੀ ਧਾਰੋ।
ਚਾਦਰ ਹੈ ਜਿਤਨੀ, ਉਤਨਾ, ਪਾਉਂ ਤੁਸੀਂ ਪਸਾਰੋ।
ਕੁੜਮਾਂ ਦਾ ਮਾਣ ਰੱਖੋ, ਰਿਸ਼ਤਾ ਕਰੀਬ ਦਾ ਹੈ।
'ਨਾਨਕ ਦਾ ਧਿਆਨ ਰੱਖੋ, "ਨਾਨਕ" ਗਰੀਬ ਦਾ ਹੈ।
ਜਿਥੇ ਸੜਦੀਆਂ ਨੇ ਨੂੰਹਾਂ, ਉਹ ਗਰਕਦੇ ਘਰਾਣੇ।
ਰੁਲਦੇ ਕਚੈਹਰੀਆਂ ਵਿਚ, ਉਮਰਾਂ ਲਈ ਜੇਹਲਖਾਨੇ।
ਲੋਭੀ ਲੁਟੇਰਿਆਂ ਦਾ ਹੁਣ ਸਿੱਕਾ ਚੱਲਣਾ ਨਹੀਂ।
ਨੂੰਹਾਂ ਦੇ ਕਾਤਲਾਂ ਨੂੰ, ਨਰਕਾਂ ਵੀ ਝੱਲਣਾ ਨਹੀਂ।
ਰਸਮਾਂ ਬੇਲੋੜੀਆਂ ਨਾਲ ਸਿੰਘ ਲੜਦੇ ਲੜ੍ਹਨ ਵਾਲੇ।
ਰਸਮਾਂ ਕੀ ਹੁਣ ਮਿਟਣਗੇ, ਰਸਮਾਂ ਨੂੰ ਘੜਨ ਵਾਲੇ।
ਜਗ ਨੂੰ ਸੁਧਾਰਨੇ ਲਈ, "ਨਾਨਕ ਜਗਤ ਤੇ ਆਏ।
'ਨਾਨਕ' ਦਾ ਸੱਚਾ ਸਿਖ ਕਿਉਂ ਰਸਮਾਂ ਦੀ ਮਾਰ ਖਾਏ?

---

### "ਸਤਿਗੁਰ ਬਾਝਹੁ ਗੁਰੂ ਨਹੀਂ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥"

ਜਿਨ੍ਹਾਂ ਗੁਰੂ ਘਰ ਵਿਖੇ ਗੁਰੂ ਕਾ ਖੰਡੇ ਦਾ ਅੰਮ੍ਰਿਤ ਛਕ ਕੇ ਗੁਰੂ ਧਾਰਨ ਨਹੀਂ ਕੀਤਾ, ਓਹ ਸਭ ਨਿਗੁਰੇ ਹਨ। ਨਿਗੁਰੇ ਗੁਰੂ ਕੇ ਲੰਗਰ ਅੰਦਰ ਸ਼ਾਮਲ ਨਹੀਂ ਹੋ ਸਕਦੇ। ਜਿਥੇ ਨਿਗੁਰੇ ਸੇਵਾਦਾਰ ਹਨ ਉਹ ਮਿਲਗੋਭਾ ਲੰਗਰ ਹੈ, ਗੁਰੂ ਕਾ ਲੰਗਰ ਨਹੀਂ ਸਦਾ ਸਕਦਾ। ਧਰਮਹੀਣ ਗੁਰੂ ਕੇ ਲੰਗਰ ਦੀ ਸੇਵਾ ਨਹੀਂ ਕਰ ਸਕਦੇ। ਜਿਨ੍ਹਾਂ ਦੇ ਅੰਦਰ ਧਰਮ ਦੀ ਅੰਸ ਹੀ ਨਹੀਂ, ਉਹਨਾਂ ਵਿਚ ਸੇਵਾ ਦੀ ਅੰਸ ਹੀ ਨਹੀਂ ਹੋ ਸਕਦੀ। ਜਿਨ੍ਹਾਂ ਦੇ ਅੰਦਰ ਸੇਵਾ ਦੀ ਅੰਸ ਹੀ ਨਹੀਂ, ਉਹਨਾਂ ਨੂੰ ਸੇਵਾ ਦਾ ਅਧਿਕਾਰ ਨਹੀਂ ਹੋ ਸਕਦਾ। ਸੇਵਾ ਕੇਵਲ ਸੇਵਕ ਨੂੰ ਹੀ ਬਣਿ ਆਈ ਹੈ, ਜਿਸ ਨੇ "ਹੁਕਮੁ ਬੂਝਿ ਪਰਮਪਦੁ ਪਾਈ' (ਗਉੜੀ ਸੁਖਮਨੀ ਮ: ੫, ਪੰਨਾ ੨੯੨) ਗੁਰਵਾਕ ਦੇ ਭਾਵ ਅਨੁਸਾਰ ਹੁਕਮ ਬੁਝਕੇ ਹੀ ਸੇਵਕ ਦੀ ਪਰਮ ਪਦਵੀ ਪਾਈ ਹੋਵੈ।

( [illegible] )



www.AKJ.Org

# ਸਿੱਖ ਇਤਿਹਾਸ ਵਿਚ ਔਰਤ ਦਾ ਸਥਾਨ ਅਤੇ ਕਰਤੱਵ

(ਬੀਬੀ ਸਿਮਰਨ ਕੌਰ)

ਅਰਦਾਸ ਵਿਚ ਜਦ ਸਾਰੇ ਖੜੇ ਹੋ ਕੇ 'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ' ਆਖਦੇ ਹਾਂ ਤਾਂ ਇਕ ਗੱਲ ਉਦੋਂ ਹੀ ਸਪਸ਼ੱਟ ਹੋ ਜਾਂਦੀ ਹੈ ਕਿ ਸਿੱਖ ਘਰ ਵਿਚ ਔਰਤ ਦਾ ਸਥਾਨ ਸਾਵਾਂ ਤੇ ਕਿਸੇ ਹੱਦ ਤਕ ਨਿਵੇਕਲਾ ਹੈ।

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਜਿੱਥੇ ਸਮਾਜਿਕ, ਭਾਈਚਾਰਕ ਅਤੇ ਆਰਥਿਕ ਵਿਤਕਰਿਆਂ ਵਿਰੁੱਧ ਪਹਿਲੀ ਵਾਰੀ, ਵਾਰ ਉਚਾਰ ਸੁਚੇਤ ਕੀਤਾ ਉਥੇ ਇਹ ਅਵਾਜ਼ ਵੀ ਪਹਿਲੀ ਵਾਰੀ ਉਠਾਈ ਕਿ ਔਰਤ ਨਾ ਨਿੰਦਨੀ ਹੈ ਨਾ ਹੀ ਪੂਜ ਸਗੋਂ ਪ੍ਰਭੂ ਦੇ ਰਾਹ ਟੁਰਨ ਅਤੇ ਪਾਉਣ ਲਈ ਉਸ ਦੇ ਗੁਣ ਧਾਰਨੇ ਹਰ ਢੂੰਡਾਊ ਲਈ ਜ਼ਰੂਰੀ ਹਨ।

ਹਿੰਦੁਸਤਾਨੀ ਸੁਭਾਅ ਵਿਚ 'ਸਖਾ, ਸਖੀ, ਸਿੱਖ' ਦੇ ਤ੍ਰਿਗੜੇ ਨੂੰ ਮਹੱਤਤਾ ਦਿੱਤੀ ਜਾਂਦੀ ਸੀ। ਸਖਾ-ਭਗਤੀ ਬਹੁਤ ਦੇਰ ਚਲਦੀ ਰਹੀ। ਸੁਦਾਮੇ ਦੀ ਉਦਾਹਰਣ, ਊਧੂ ਦੀ ਮਿਸਾਲ ਜਾਂ ਅਰਜਨ ਤੇ ਕ੍ਰਿਸ਼ਨ ਦੀ ਦੋਸਤੀ ਸਭ ਪ੍ਰਚਾਰਦੇ ਹਨ। ਇਕ ਵਾਰੀ ਕ੍ਰਿਸ਼ਨ ਜੀ ਨੇ ਤਾਂ ਇੱਛਾ ਹੀ ਇਹ ਪ੍ਰਗਟਾਈ ਸੀ ਕਿ ਮੇਰੀ ਤੇ ਅਰਜਨ ਦੀ ਦੋਸਤੀ ਨਿੱਭ ਜਾਵੇ। ਸਖਾ-ਭਗਤੀ ਬਾਅਦ ਜੇ ਹੋਰ ਕਿਸੇ ਦਾ ਹਿੰਦੁਸਤਾਨ ਵਿਚ ਜ਼ੋਰ ਰਿਹਾ ਤਾਂ 'ਸਖੀ' ਤੇ ਹੈ। ਇਸੇ ਸਖੀ-ਭਗਤੀ ਨੇ ਰਾਧਾ ਨੂੰ ਜਨਮ ਦਿਤਾ। ਇਸ਼ਕ ਮਿਜ਼ਾਜੀ ਨੇ ਇਸ਼ਕ ਹਕੀਕੀ ਦੀ ਸ਼ਕਲ ਧਾਰਨ ਕੀਤੀ। ਇਸ ਸਖੀ-ਭਗਤੀ ਨੇ ਹਿੰਦੁਸਤਾਨ ਵਿਚ ਔਰਤ ਦੇ ਪੱਧਰ ਨੂੰ ਇੰਨਾ ਨੀਵਾਂ ਕਰ ਦਿੱਤਾ ਕਿ ਉਹ ਪਹਿਲਾਂ ਮੰਦਰਾਂ ਦਾ ਸ਼ਿੰਗਾਰ ਦੇਵਦਾਸੀ ਦੇ ਰੂਪ ਵਿਚ ਬਣੀ, ਫਿਰ ਦੇਵੀ ਦੇ ਰੂਪ ਵਿਚ ਪ੍ਰਗਟ ਹੋਈ। ਆਤਮਿਕ ਉਚਿਆਈਆਂ ਨਾ ਛੂਹੇ ਜਾਣ ਦਾ ਕਾਰਨ ਇਹ ਕੋਝੀ ਸਖੀ-ਭਗਤੀ ਪ੍ਰਥਾ ਸੀ। ਤੀਸਰਾ ਭਗਤੀ ਦਾ ਰੂਪ 'ਸਿੱਖ-ਚੇਲਾ' ਸੀ। ਸਿੱਖ-ਭਗਤੀ ਵੀ ਐਸੀ ਨੀਵਾਣ ਵੱਲ ਗਈ ਕਿ ਵਿਅਕਤੀ ਦੀ ਆਪਣੀ ਹੋਂਦ ਮੂਲੋਂ ਹੀ ਮੁੱਕ ਗਈ। ਇਥੇ ਮੈਂ ਕਹਿ ਦੇਣਾ ਚਾਹੁੰਦੀ ਹਾਂ ਕਿ ਪਹਿਲੀ ਗ਼ਲਤੀ ਸਾਡੇ ਆਪਣੇ ਧਰਮ ਵਿਚ ਇਹ ਹੋਈ ਕਿ ਸਿੱਖ ਦੇ ਅਰਥ ਕਿਸੇ ਨੇ ਸ਼ਿਸ਼ ਨਾਲ ਜੋੜ ਦਿਤੇ। ਪਰ ਗੁਰੂ ਸਾਹਿਬ ਨੇ ਸਿੱਖ ਦੇ ਸ਼ਬਦ ਦੇ ਅਰਥ ਢੂੰਡਾਊ ਕਰਕੇ ਕੀਤੇ ਹਨ। ਅਰਥਾਂ ਦੇ ਅਨਰਥ ਕਰਨ ਵਾਲਿਆਂ ਨੂੰ ਗੁਰੂ ਜੀ ਨੇ ਰੋਕ ਪਾਂਦੇ ਸਮਝਾਇਆ:

ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥ (ਸਿਰੀਰਾਗੁ ਮ: ੫, ਪੰਨਾ ੭੩)

ਭਾਵ ਇਹ ਹੈ ਕਿ ਜਿਹੜੇ ਸ਼ਰਧਾਵਾਨ ਢੂੰਡਾਊ ਹੁੰਦੇ ਹਨ ਉਹ ਵਿਅਕਤੀ ਦੇ ਪਿੱਛੇ ਨਾ ਲੱਗ ਉਸ ਟਿਕਾਣੇ ਦੀ ਭਾਲ ਕਰਦੇ ਹਨ ਜਿਥੇ ਸੱਚ ਦ੍ਰਿੜ੍ਹ ਹੁੰਦਾ ਹੈ। ਇਹ ਹੀ ਕਾਰਨ ਲਗਦਾ ਹੈ ਕਿ ਸਿੱਖ, ਸਖਾ ਤੇ ਸਖੀ ਦੀਆਂ ਨੀਵਾਣਾਂ ਵੱਲ ਜਾਣ ਤੋਂ ਬਚਾਣ ਲਈ ਗੁਰੂ ਪਾਤਸ਼ਾਹ ਨੇ ਇਕ ਨਵਾਂ ਰਾਹ ਦਰਸਾਇਆ ਜਿਸ ਵਿਚ ਇਹ ਕਿਹਾ ਕਿ 'ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ'॥ ਭਾਵੇਂ ਕੋਈ ਮਰਦ ਹੈ ਜਾਂ ਔਰਤ ਉਸ ਨੂੰ ਆਤਮਿਕ ਉਚਾਈ-ਪਰਮਪਦ ਪਾਵਣ ਲਈ ਉਹ ਗੁਣ ਧਾਰਨੇ ਪੈਣਗੇ ਜੋ ਔਰਤ ਵਿਚ ਸੁਭਾਵਿਕ ਹੀ ਵਾਹਿਗੁਰੂ ਨੇ ਪਾਏ ਹਨ। ਉਨ੍ਹਾਂ ਗੁਣਾਂ ਦੀ ਗਿਣਤੀ ਲੰਮੇਰੀ ਹੈ। ਉਸ ਦਾ ਅੰਦਾਜ਼ਾ ਲਗਾਉਣਾ ਕੋਈ ਸਹਿਲਾ ਨਹੀਂ ਪਰ ਫਿਰ ਵੀ ਜਦ ਔਰਤ ਨੂੰ ਬੱਤੀ ਸੁਲੱਖਣੀ ਕਹਿ ਬਾਣੀ ਵਿਚ ਸਤਿਕਾਰਿਆ ਗਿਆ ਹੈ ਤਾਂ ਇਕ ਨਜ਼ਰ ਮਾਰ ਲੈਣੀ ਕੋਈ ਕੁਥਾਂ ਨਹੀਂ ਹੋਵੇਗੀ। ਮਹਾਨ ਕੋਸ਼ ਵਿਚ ਇਸਤਰੀ ਬਾਰੇ 32 ਗੁਣ ਇਸ ਪ੍ਰਕਾਰ ਅੰਕਤ ਹਨ :

1. ਸੁੰਦਰਤਾ, 2. ਸਵੱਛਤਾ, 3. ਲੱਜਾ, 4. ਚਤੁਰਾਈ, 5. ਵਿਦਯਾ, 6. ਪਤੀ-ਭਗਤੀ, 7. ਸੇਵਾ, 8. ਦਯਾ, 9. ਸਤਯ, 10. ਪ੍ਰਿਯਬਾਣੀ, 11. ਪ੍ਰਸੰਨਤਾ, 12. ਨਮ੍ਰਤਾ, 13. ਨਿਸ਼ਕਪਟਤਾ, 14. ਏਕਤਾ, 15. ਧੀਰਜ, 16. ਧਰਮਨਿਯਾ, 17. ਸੰਯਮ, 18. ਉਦਾਰਤਾ, 19. ਗੰਭੀਰਤਾ, 20. ਉਦਮ, 21. ਸੂਰਵੀਰਤਾ, 22. ਰਾਗ, 23. ਕਾਵਯ, 24. ਚਿਤ੍ਰ, 25. ਔਸ਼ਧ, 26. ਰਸੋਈ, 27. ਸਿਉਣ ਦੀ ਕਲਾ, 28. ਪਰੋਣ ਦੀ ਵਿਦਿਯਾ, 29. ਘਰ ਦੀਆਂ ਵਸਤੂਆਂ ਦਾ ਯਥਾਯੋਗ ਸ਼ਿੰਗਾਰਣਾ, 30. ਬਜ਼ੁਰਗਾਂ ਦਾ ਮਾਣ, 31. ਘਰ ਆਏ ਪਰਾਹੁਣਿਆਂ ਦਾ ਸਨਮਾਨ, 32. ਸੰਤਾਨ ਦਾ ਪਾਲਣ।



www.AKJ.Org

ਇਨ੍ਹਾਂ ਗੁਣਾਂ ਵਾਲਾ ਹੀ ਆਤਮਿਕ ਜੀਵ ਸੱਚ ਦੇ ਤੱਤ ਨੂੰ ਪਾ ਸਕਦਾ ਹੈ। ਉਸ ਵਿਚ ਫੇਰ ਇੰਨਾ ਆਤਮਿਕ ਬਲ ਆ ਜਾਂਦਾ ਹੈ ਕਿ ਉਹ ਨਿੱਕੇ ਵੱਡੇ ਨੂੰ ਮਾਰਗ ਦਿਖਾ ਸਕਦਾ ਹੈ।

ਔਰਤ ਨੂੰ ਜਿਸਮ ਜਾਂ ਆਕਾਰ ਦੇ ਰੂਪ ਵਿਚ ਗੁਰੁ ਸਾਹਿਬਾਨ ਨੇ ਬਿਲਕੁਲ ਹੀ ਨਹੀਂ ਡਿੱਠਾ। ਸਿਰਫ਼ ਗੁਣ ਰੂਪ ਵਿਚ ਹੀ ਦੇਖਿਆ ਹੈ। ਪਹਿਲਾਂ ਤਾਂ ਉਨ੍ਹਾਂ ਗ਼ਲਤ ਖ਼ਿਆਲਾਂ ਤੇ ਚੋਟ ਮਾਰੀ ਹੈ ਜੋ ਕਹਿੰਦੇ ਨਹੀਂ ਸੀ ਥੱਕਦੇ ਕਿ ਇਸਤਰੀ ਮੋਖ ਨੂੰ ਪਾ ਨਹੀਂ ਸਕਦੀ। ਜੋ ਇਹ ਕਹਿੰਦੇ ਸਨ ਕਿ ਔਰਤ ਨੂੰ ਹਰ ਸਮੇਂ ਕਦੇ ਪਿਤਾ ਫਿਰ ਪਤੀ ਤੇ ਪਿਛੋਂ ਪੁੱਤਰ ਦੀ ਸੁਰੱਖਿਆ ਦੀ ਲੋੜ ਹੈ, ਉਨ੍ਹਾਂ ਨੂੰ ਸਮਝਾਇਆ ਕਿ ਇਸਤਰੀ ਆਪਣੇ ਆਪ ਵਿਚ ਸੰਪੂਰਨ ਹੈ। ਇਹ ਦੇਵਰ-ਜੇਠ ਦੋਨਾਂ ਨੂੰ ਮਤ ਦੇਣ ਜੋਗੀ ਹੈ। ਜ਼ਿਮਰ ਨੇ ਫਿਲਾਸਫੀਜ਼ ਆਫ਼ ਇੰਡੀਆ ਦੇ ਪੰਨਾ ੨੨੨/੨੨੩ਤੇ ਲਿਖਿਆ ਹੈ 'ਦਿਗੰਬਰ ਜੈਨੀ ਇਹ ਖੁਲ੍ਹੇ ਤੌਰ ਤੇ ਪਰਚਾਰ ਕਰਦੇ ਹਨ ਕਿ ਇਸਤਰੀ ਕੈਵਲਯ (ਰੂਪ ਪ੍ਰਭੂ ਨਾਲ ਇਕ-ਮਿਕ) ਹੋ ਹੀ ਨਹੀਂ ਸਕਦੀ। ਉਸ ਨੂੰ ਮੁੜ ਕੇ ਜਨਮ ਲੈਣਾ ਪਵੇਗਾ ਤਾਂ ਕਿਧਰੇ ਜਾ ਪ੍ਰਭੂ ਨੂੰ ਪਾ ਸਕਣ ਜੋਗ ਹੋ ਸਕੇਗੀ।'

ਯੂਨਾਨ ਦਾ ਫਿਲਾਸਫਰ ਅਰਸਤੂ ਔਰਤ ਨੂੰ ਇਕ ਨਾ-ਮੁਕੰਮਲ ਸ਼ੈਅ ਆਖਦਾ ਹੈ। ਜਿੱਥੇ ਕੁਦਰਤ ਪੁਰਸ਼ ਨੂੰ ਬਣਾਉਣ ਵਿਚ ਉੱਕ ਗਈ ਉਥੇ ਇਸਤਰੀ ਨੇ ਜਨਮ ਲੈ ਲਿਆ।

ਗਿਟੇ ਵਰਗੇ ਜਰਮਨ ਸੋਚਵਾਨ ਨੇ ਬੜੇ ਜ਼ੋਰ ਨਾਲ ਇਹ ਗੱਲ ਸਾਬਤ ਕਰਨ ਦਾ ਦਾਅਵਾ ਕੀਤਾ ਕਿ ਇਸਤਰੀ ਵਿਚ ਰੂਹ ਹੀ ਨਹੀਂ ਹੁੰਦੀ।

ਇੰਗਲਿਸਤਾਨ ਦੇ ਸੋਚਵਾਨ ਵੀ ਇਸਤਰੀ ਬਾਰੇ ਆਪਣੇ ਵਿਚਾਰ ਦੇਣ ਤੋਂ ਪਿਛੇ ਨਾ ਰਹੇ। ਚੈਸਟਰਫੀਲਡ ਦੀ ਸਮਝ ਵਿਚ ਔਰਤਾਂ ਬਾਬਤ ਇਹ ਗੱਲ ਆਈ ਹੈ ਕਿ ਇਸਤਰੀ ਦਾ ਹੋਣਾ ਕੁਦਰਤ ਦੀ ਇਕ ਮਜ਼ੇਦਾਰ ਗ਼ਲਤੀ (Agreeable Blunder ) ਹੈ । ਕੁਝ ਕੁ ਦਾ ਮਤ ਹੈ ਕਿ ਇਸਤਰੀ ਆਧੀ-ਅਧੂਰੀ ਹੈ। ਇਸਲਾਮ ਵਿਚ ਦੋ ਔਰਤਾਂ ਦੀ ਗਵਾਹੀ ਇਕ ਤੁੱਲ ਹੈ। ਔਰਤ ਦਾ ਵਿਕਾਸ ਹੋ ਹੀ ਨਹੀਂ ਸਕਿਆ।

ਬੁੱਧ ਧਰਮ ਵਿਚ ਨਾਰੀ ਭਿਖਸ਼ੂ ਨਰ ਭਿਖਸ਼ੂ ਨਾਲੋਂ ਉਚੇਰੀ ਸਮਝੀ ਜਾਂਦੀ ਹੈ। ਇਥੋਂ ਤਕ ਲਿਖਿਆ ਹੈ ਕਿ ਔਰਤ ਨਦੀ ਵਿਚ ਗੋਤੇ ਖਾ ਰਹੀ ਹੈ ਤਾਂ ਨਰ ਭਿਖਸ਼ੂ ਉਸ ਨੂੰ ਬਚਾਉਣ ਦਾ ਹੀਲਾ ਤਕ ਨਾ ਕਰੇ ਭਾਵੇਂ ਗੋਤੇ ਖਾਂਦੀ ਉਸ ਦੀ ਮੌਤ ਹੀ ਕਿਉਂ ਨਾ ਜੋ ਜਾਵੇ।

ਰਾਮਾਨੁਜ ਸ਼ੰਕਰਦੇਵ ਇਸਤਰੀ ਨੂੰ ਵੈਸ਼ਨਵ ਧਰਮ ਵਿਚ ਦਾਖ਼ਲ ਹੀ ਨਹੀਂ ਸਨ ਕਰਦੇ। ਹੋਰ ਕੀ ਕਹਿੰਦੇ ਹੋ ਔਰਤ ਦੁਨੀਆਂ ਭਰ ਦੀ ਭੱਦੀ ਸ਼ੈਅ ਹੈ। ਉਸ ਦੀ ਤੱਕਣੀ ਰਿਸ਼ੀ ਦਾ ਦਿਲ ਮਚਲਾ ਦੇਂਦੀ ਹੈ। ਅਬਾਦਤ ਨਸ਼ਟ ਕਰ ਦੇਂਦੀ ਹੈ। ਈਸਾਈਆਂ ਵਿਚ ਤਾਂ ਹੁਣ ਤਕ 'ਪਾਦਰੀ' ਨਹੀਂ ਹੋ ਸਕਦੀ।

ਗੁਰੂ ਨਾਨਕ ਦੇਵ ਜੀ ਨੇ ਐਸਿਆਂ ਨੂੰ ਕਿਹਾ: ਭਲੇ ਲੋਕੋ । ਇਹ ਤਾਂ ਦਸੋ ਕਿ ਤੁਸੀਂ ਰਾਜੇ ਨੂੰ ਤਾਂ ਨਹਿਕਲੰਕੀ ਪਰ ਰਾਜੇ ਦੀ ਜਨਨੀ ਨੂੰ ਕਲੰਕਣੀ । ਇਹ ਦੋਹਰਾ ਮਾਪ ਤੁਹਾਡੀ ਮਲੀਨ ਸੋਚਣੀ ਕਰਕੇ ਬਣਿਆ ਹੈ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।। (ਆਸਾ ਦੀ ਵਾਰ , ਪੰਨਾ ੪੭੩)

ਗੁਰੂ ਗ੍ਰੰਥ ਸਾਹਿਬ ਪੜ੍ਹਨ ਵਾਲਾ ਕਦੀ ਉਨਾਂ ਸੰਬੋਧਨਾਂ ਨੂੰ ਪੜ੍ਹੇ ਜੋ ਗੁਰੂ ਸਾਹਿਬਾਨ ਨੇ ਔਰਤ ਨੂੰ ਉਚਿਆਣ ਵਾਸਤੇ ਕਹੇ ਤਾਂ ਸਿੱਖ ਘਰ ਵਿਚ ਪਦਵੀ ਦਾ ਪਤਾ ਲਗ ਜਾਵੇਗਾ। ਭਗਤ ਨਾਮਦੇਵ ਦਾ ਆਪਣੀ ਪਤਨੀ ਨੂੰ 'ਘਰ ਗੀਹਿਨ' ਕਹਿਣਾ, ਗੁਰੂ ਨਾਨਕ ਸਾਹਿਬ ਦਾ 'ਪਾਰਜਾਤ ਘਰ ਆਂਗਨ ਮੇਰੇ' ਬੁਲਾਉਣਾ, ਬਲਵੰਡ ਜੀ ਦਾ 'ਰਾਮਕਲੀ ਦੀ ਵਾਰ' ਵਿਚ ਮਾਤਾ ਖੀਵੀ ਨੂੰ 'ਨੇਕ ਜਨ' ਆਖਣਾ ਏਸ ਪਾਸੇ ਦੀਆਂ ਖ਼ਾਸ ਉਦਾਹਰਣਾਂ ਹਨ। ਜਿਸ ਵੇਲੇ ਔਰਤ ਆਪਣੇ ਦਰਜੇ ਤੋਂ ਹੇਠਾਂ ਡਿੱਗਦੀ ਹੈ ਤਾਂ ਉਸ ਵੇਲੇ ਦੇ ਕੀਤੇ ਸੰਬੋਧਨ ਵੀ ਦਸਦੇ ਹਨ ਕਿ ਗੁਰੂ ਮਹਾਰਾਜ ਇਸ ਨੂੰ ਉਚੇ ਦਰਜੇ ਤੋਂ ਡਿੱਗਾ ਦੇਖ ਕਿਤਨੇ ਪ੍ਰੇਸ਼ਾਨ ਹੁੰਦੇ ਹਨ। ਕੁਚੱਜੀ, ਗਰਬ ਗਹੇਲੜੀ, ਮੁਈਏ, ਹਰਣਾਖੀਏ ਤੇ ਦੁਹਾਗਣ ਇਸ ਪਾਸੇ ਦੇ ਕੁਝ ਕੁ ਸੰਕੇਤ ਹਨ। ਇਕ ਥਾਂ ਤਾਂ ਕਹਿੰਦੇ ਹਨ ਕਿ ਮੇਰੇ ਕੋਲੋਂ ਇਹ ਬਰਦਾਸ਼ਤ ਨਹੀਂ ਹੁੰਦਾ ਕਿ ਕੋਈ ਨਾਰ ਕੁਨਾਰ ਬਣੇ, ਔਰਤ ਹੋ ਕੇ ਅਣ-ਔਰਤਾਂ (Un-woman like) ਵਾਲੇ ਕੰਮ ਕਰੇ।


www.AKJ.Org

ਪਦਵੀ ਮਿਥਣ ਵੇਲੇ ਇਕ ਗੱਲ ਦ ਹੋਰ ਚੇਤਾ ਰਖਣਾ ਪਵੇਗਾ ਕਿ ਸਾਰੇ ਸਮਾਜਿਕ ਰਿਸ਼ਤਆਂ ਦਾ ਸਰੋਤ ਗੁਰੂ ਨਾਨਕ ਸਾਹਿਬ ਔਰਤ ਨੂੰ ਹੀ ਮੰਨਦੇ ਹਨ। ਬੜੇ ਧਿਆਨ ਨਾਲ ਆਸਾ ਦੀ ਵਾਰ ਦੀ ਉਹ ਪਉੜੀ ਪੜ੍ਹਨ ਵਾਲੀ ਹੈ ਜਿਸ ਵਿਚ ਫ਼ੁਰਮਾਉਂਦੇ ਹਨ ਕਿ ਇਸੇ (ਔਰਤ) ਭਾਂਡੇ ਤੋਂ ਉਪਜਿਆ ਮਰਦ, ਇਸ ਭਾਂਡੇ ਵਿਚ ਹੀ ਨਿੰਮਿਆ, ਮਰਦ ਨਾਲ ਇਸੇ ਦੀ ਮੰਗਣੀ ਹੋਈ ਤੇ ਫਿਰ ਵਿਆਹ ਹੋਇਆ, ਸਮਾਜ ਵਿਚ ਵਿਚਰਨ ਦਾ ਵੱਲ ਇਸੇ ਨੇਂ ਸਿਖਾਇਆ ਤੇ ਨਵੀਂ ਪੀੜ੍ਹੀ ਨੇ ਇਸ ਤੋਂ ਹੀ ਸਿੱਖਿਆ ਲਈ। ਔਰਤ ਕਰਕੇ ਹੀ ਤਾਂ ਮਰਤ ਸੰਜਮਧਾਰੀ (Disciplined) ਹੁੰਦਾ ਹੈ। ਕਿਉਂ ਨਿੰਦਦੇ ਹੋ ਉਸ ਨੂੰ ਜਿਸ ਤੋਂ ਉਹ ਰਾਜਾ ਪੈਦਾ ਹੋਇਆ ਜਿਸ ਨੂੰ ਤੁਸੀਂ ਨਹਿਕਲੰਕੀ ਕਹਿੰਦੇ ਹੋ ।

ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥ (ਆਸਾ ਦੀ ਵਾਰ, ਪੰਨਾ ੪੭੩)

ਸ਼ਾਇਦ ਇਸੇ ਲਈ ਉਹ ਜਦ ਔਰਤ ਨੂੰ ਅਣ-ਔਰਤ, ਕੁਚੱਜੀ, ਕੁਨਾਰ ਜਾਂ ਦੁਹਾਗਣੀ ਕਰਮ ਕਰਦੇ ਹੋਏ ਦੇਖਦੇ ਹਨ ਤਾਂ ਬੜੇ ਹੀ ਚਿੰਤਾਤੁਰ ਹੋ ਜਾਂਦੇ ਹਨ। ਉਸ ਵੇਲੇ ਉਸ ਨੂੰ ਔਰਤ ਨਹੀਂ ਕਹਿੰਦੇ, ਰੰਨ ਕਹਿੰਦੇ ਹਨ, ਕਿਉਂਕਿ ਔਰਤ ਤਾਂ ਉਹ ਹੈ ਜਿਸ ਵਿਚ ਚੱਜ ਹੈ, ਅਚਾਰ ਹੈ, ਸੋਚ ਹੈ, ਆਤਮਿਕ ਹੁਲਾਰਾ ਦੇਣ ਦੀ ਸ਼ਕਤੀ ਹੈ, ਸੂਖਮ ਹੈ, ਪਕੜ ਨਹੀਂ, ਪਦਾਰਥਾਂ ਦਾ ਧਿਆਨ ਨਹੀਂ, ਪਦਾਰਥਵਾਦੀ ਨਹੀਂ। ਜੋ ਨਿਰੋਲ ਪਦਾਰਥਾਂ ਵੱਲ ਦੇਖਣ ਲਗ ਪਵੇ ਜਾਂ ਸਿਰਫ਼ ਬੌਧਿਕ ਪੱਧਰ ਤੇ ਹੀ ਰਹਿ ਜਾਵੇ ਤਾਂ ਉਸ ਦੇ ਨੇੜੇ ਰਹਿਣ ਵਾਲਾ ਪੁਰਖ ਸਯਾਦ ਬਣ ਜਾਵੇਗਾ ।

ਨਿਰਾ ਸਯਾਦ (ਬੁੱਚੜ) ਨਹੀਂ ਸਗੋਂ ਜਿੰਨ੍ਹਾਂ ਸਹਾਰੇ ਸਮਾਜ ਖੜਾ ਹੋਇਆ ਹੈ ਉਹ ਸਾਰਾ ਢਾਂਚਾ ਹੀ ਖੇਰੂੰ ਖੇਰੂੰ ਹੋ ਜਾਵੇਗਾ। ਸੀਲ, ਸੁੱਚ, ਸੰਜਮ ਤੇ ਸੱਚ ਸਾਰੇ ਹੀ ਗ੍ਰਹਿ ਵਿਚੋਂ ਨਿਕਲ ਜਾਣਗੇ ਅਤੇ ਜ਼ਿੰਦਗੀ ਜੀਊਣ ਜੋਗੀ ਨਹੀਂ ਰਵ੍ਹੇਗੀ।

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥
(ਸਾਰਗ ਦੀ ਵਾਰ ਮ: ੪, ਸਲੋਕ ਮ: ੧, ਪੰਨਾ ੧੨੪੨-੪੩)

ਔਰੰਤ ਨੂੰ ਗੁਰੂ ਪਾਤਸ਼ਾਹਾਂ ਨੇ ਜਿਸ ਵੇਲੇ ਮਾਂ, ਭੈਣ, ਪਤਨੀ, ਧੀ ਦੇ ਰਿਸ਼ਤਿਆਂ ਵਿਚ ਵੇਖਿਆ ਹੈ ਤਦ ਵੀ ਇਸ ਨੂੰ ਕਿਸੇ ਤੇ ਨਿਰਭਰ ਹੋ ਕੇ ਨਹੀਂ ਸਗੋਂ ਆਪਣਾ ਨਿਵੇਕਲਾ ਸਟੇਟਸ ਦਰਸਾਇਆ ਹੈ।

ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਸਾਖੀ ਹੈ ਕਿ ਜਦ ਬਾਬਾ ਗੁਰਦਿੱਤਾ ਜੀ ਦਾ ਜਨਮ ਹੋਇਆ ਤਾਂ ਮਾਤਾ ਗੰਗਾ ਨੇ ਅਸੀਸ ਦੇਂਦੇ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ : ਜੋੜੀ ਰਲੇ। ਤਾਂ ਉਸ ਵੇਲੇ ਮੀਰੀ ਪੀਰੀ ਦੇ ਮਾਲਕ ਨੇ ਕਿਹਾ, ਮਾਂ ਬੇਟੇ ਤਾਂ ਪੰਜ ਹੋਣਗੇ ਪਰ ਅਸੀਸ ਦੇਣੀ ਤਾਂ ਇਹ ਦਿਓ ਕਿ —

ਸੀਲ ਖਾਨ ਕੰਨਿਆ ਇਕ ਹੋਵੈ। ਨਹੀਂ ਤੇ ਮਾਂ ਗ੍ਰਹਿਸਤ ਵਿਗੋਵੈ ।

ਇਥੋਂ ਇਹ ਪ੍ਰਤੀਤ ਹੋਇਆ ਕਿ ਧੀ ਲੜਕੀ ਦਾ ਰੋਲ ਸਾਡੇ ਘਰ ਕੀ ਹੈ। ਜਿਸ ਘਰ ਬੱਚੀ ਨਹੀਂ, ਉਥੇ ਨਾ ਕਲਚਰ ਹੈ ਨਾ ਸਭਯਤਾ। ਸੁਹਜ ਸਵਾਦ (esthetic Sense) ਤਾਂ ਹੋ ਹੀ ਨਹੀਂ ਸਕਦਾ। ਖਊ ਖਊ ਕਰਦਾ ਰਵ੍ਹੇਗਾ ਸਮੁੱਚਾ ਘਰ। ਨਜ਼ਰ ਹੀ ਗਿੱਧ (Vulture) ਵਾਲੀ ਹੋ ਜਾਵੇਗੀ। ਪਰ ਬੇਟੀ ਬਾਬਲ ਦੇ ਘਰ ਜੋ ਖੁਲ੍ਹ ਮਹਿਸੂਸ ਕਰਦੀ ਹੈ ਉਸ ਦਾ ਵੀ ਕੋਈ ਅੰਤ ਨਹੀਂ।

ਬਾਬੁਲ ਕੈ ਘਰਿ ਬੇਟੜੀ, ਬਾਲੀ ਬਾਲੈ ਨੇਹਿ ॥ (ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੫)

ਗੁਰਬਾਣੀ ਵਿਚ 'ਮਤਿ ਮਾਤਾ, ਪਿਤਾ ਸੰਤੋਖ' ਕਹੇ ਜਾਣ ਦਾ ਭਾਵ ਵੀ ਇਹ ਹੀ ਸੀ ਕਿ ਸਿੱਖਿਆ-ਦਾਤੀ ਕੇਵਲ ਮਾਂ ਹੀ ਹੋ ਸਕਦੀ ਹੈ। ਜੇ ਬਾਪ ਦਖ਼ਲ ਦੇਣ ਲਗ ਪਿਆ, ਟੋਕਣ-ਰੋਕਣ ਲਗ ਪਿਆ ਅਤੇ ਖ਼ਾਸ ਕਰ



www.AKJ.Org

ਜਦ ਮਾਂ ਸਮਝਾ ਰਹੀ ਹੋਵੇ ਤਾਂ ਵਿਚੋਂ ਬੋਲਣ ਲਗ ਪਿਆ ਤਾਂ ਵੀ ਬੱਚੇ ਦੀ ਘਾੜਤ ਨਹੀਂ ਘੜੀ ਜਾ ਸਕੇਗੀ। ਪਿਤਾ ਨੇ ਸੰਤੋਖ ਰੱਖਣਾ ਹੈ। ਮਾਤਾ ਤਾਂ 'ਧਰਤ ਮਹਤ' ਹੈ- ਜਿਵੇਂ ਧਰਤੀ ਦੇਂਦੀ ਥੱਕਦੀ ਨਹੀਂ; ਖਿਮਾਸ਼ੀਲ ਹੈ, ਤਿਵੇਂ ਮਾਂ ਕੋਲੋਂ ਸਭ ਕੁਝ ਲਿਆ ਜਾ ਸਕਦਾ ਹੈ ਜੇ ਮਾਂ ਦਾ ਸਤਿਕਾਰ ਕੀਤਾ ਹੈ। ਮਾਂ ਨੂੰ ਹੀ ਸਮਝ ਹੈ ਕਿ ਕਿਹੜੀ ਬਾਤ ਕਿਸ ਵੇਲੇ ਕਹਿਣੀ ਹੈ। ਮਾਂ ਦੀ ਤਾਂ ਅਸੀਸ ਵਿਚ ਜਿਥੇ ਭਾਵਨਾ ਹੈ ਉਥੇ ਭਾਵ ਵੀ ਹੈ। ਉਹ ਅਸੀਸ ਪੜ੍ਹਨ ਨਾਲ ਸੰਬੰਧ ਰੱਖਦੀ ਹੈ ਜੋ ਮਾਤਾ ਭਾਨੀ ਨੇ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ :

ਪੂਤਾ ਮਾਤਾ ਕੀ ਅਸੀਸ ॥ ਨਿਮਖ ਨਾ ਬਿਸਰਉ ਤੁਮ ਕਉ ਹਰਿ ਹਰਿ
ਸਦਾ ਭਜਹੁ ਜਗਦੀਸ ॥ਰਹਾਉ॥ (ਗੂਜਰੀ ਮ: ੫, ਪੰਨਾ ੪੯੬)

ਇਸੇ ਤਰ੍ਹਾਂ ਜਦ ਭੈਣ ਦੇ ਰੂਪ ਵਿਚ ਤੱਕਿਆ ਹੈ ਤਾਂ ਉਸ ਨੂੰ ਬਿਰਹੋਂ ਰੂਪ ਵਿਚ ਪ੍ਰਗਟਾਇਆ ਹੈ।

ਕਿਤਨੀ ਖਿੱਚ ਹੁੰਦੀ ਹੈ ਭੈਣ ਦੀ ਭਰਾ ਲਈ। ਉਹ ਗੁਰੂ ਨਾਨਕ ਸਾਹਿਬ ਦੀ ਇਸ ਤੁੱਕ ਤੋਂ ਪ੍ਰਗਟ ਹੈ ਜਿਸ ਵਿਚ ਆਤਮਾ ਤੇ ਬਦਨ ਦੇ ਰਿਸ਼ਤੇ ਨੂੰ ਭੈਣ ਭਰਾ ਦੇ ਨਾਤੇ ਨਾਲ ਪ੍ਰਗਟਾਏ ਹਨ। ਕਹਿੰਦੇ ਹਨ ਕਿ ਜਦ ਆਤਮਾ ਵੀਰ ਉਡ ਜਾਂਦੀ ਹੈ ਤਾਂ ਦੇਹੀ, ਵੀਰਾ ਵੀਰਾ ਪੁਕਾਰਦੀ ਹੈ ਕਿਉਂਕਿ ਵੀਰ ਉਸ ਅੰਦਰ ਵਸਦਾ ਸੀ। ਇਤਨੀ ਚੋਟ ਲਗਦੀ ਸੂ ਕਿ ਦੇਹੀ ਉਤਨੀ ਦੇਰ ਤੱਕ ਅਰਾਮ ਮਹਿਸੂਸ ਨਹੀਂ ਕਰਦੀ ਜਦ ਤੱਕ ਉਸ ਨੂੰ ਜਲਾ-ਦਫ਼ਨਾ-ਸਾੜ ਨਾ ਦਿੱਤਾ ਜਾਵੇ :

ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥
ਬੀਰ ਚਲੇ ਘਰਿ ਆਪਣੇ, ਬਹਿਣ ਬਿਰਹਿ ਜਲਿ ਜਾਇ ॥
(ਰਾਮਕਲੀ ਮ: ੧ ਦਖਣੀ ਓਅੰਕਾਰ, ਪੰਨਾ ੯੩੫)

ਪਤਨੀ ਦੀ ਪਦਵੀ ਸਿੱਖ ਘਰ ਵਿਚ ਦਰਸਾਂਦੇ ਗੁਰੂ ਜੀ ਕਹਿੰਦੇ ਹਨ ਕਿ ਉਹ ਪੁਰਸ਼ ਕਾਮ ਦਾ ਮਾਰਿਆ ਭੂਛ ਹੈ (Sex Ridden) ਜੋ ਆਪਣੀ ਪਤਨੀ ਛੱਡ ਬਹੁਨਾਰੀ ਵੱਲ ਝਾਕਦਾ ਹੈ। 'ਏਕ ਨਾਰੀ ਜਤੀ' ਨਾ ਹੋਣ ਦੇ ਹੀ ਇਤਨੇ ਭਿਆਨਕ ਸਿੱਟੇ ਏਡਜ਼ ( AIDS) ਦੇ ਮਾਰੂ ਰੋਗ ਵਜੋਂ ਨਿਕਲੇ ਹਨ।

ਕਿਆ ਗਾਲਾਇਓ ਭੂਛ, ਪਰਵੇਲਿ ਨਾ ਜੋਹੇ, ਕੰਤ ਤੂੰ ॥
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥
(ਮਾਰੂ ਵਾਰ ਮ: ੫ ਡਖਣੇ, ਪੰਨਾ ੧੦੯੫)

ਗੁਰੂ ਜੀ ਨੇ ਵਰਜਿਆ ਕਿ ਐਸ਼ ਵਾਲਾ ਜੀਵਨ ਨਹੀਂ ਗੁਜ਼ਾਰਨਾ। ਗਿਣਤੀਆਂ, ਕਪੜੇ ਲਤੇ, ਪਦਾਰਥ ਇਕੱਠੇ ਕਰਨੇ ਨਾਰੀ-ਜੀਵਨ ਨਹੀਂ ਹੈ। ਜਗਤ ਜਾਂ ਨਾਰੀ ਤੋਂ ਭਜਦਾ ਸੀ ਜਾਂ ਨਾਰੀ ਪਿੱਛੇ। ਸੋ ਗੁਰੂ ਪਾਤਸ਼ਾਹਾਂ ਨੇ ਨਵਾਂ ਰਾਹ ਦਰਸਾਇਆ ਕਿ ਔਰਤ ਕਿਸੇ ਪੱਖੋਂ ਨੀਵੀਂ ਨਹੀਂ, ਬਰਾਬਰ ਦੀ ਭਾਈਵਾਲ ਹੈ। ਜੇ ਇਤਨੀ ਵੱਡੀ ਪਦਵੀ ਉਸ ਨੂੰ ਗੁਰੂ ਸਾਹਿਬ ਨੇ ਦਿਤੀ ਤਾਂ ਸਿੱਖ ਘਰ ਵਿਚ ਆਪਣਾ ਰੋਲ ਨਿਭਾਣ ਵਿਚ ਹੀ ਔਰਤ ਨੇ ਢਿਲ ਸੰਕੋਚ ਨਹੀਂ ਕੀਤਾ ।

ਪਹਿਲਾਂ ਮਾਤਾ ਤ੍ਰਿਪਤਾ ਵੱਲ ਹੀ ਦੇਖੋ। ਗੁਰੂ ਨਾਨਕ ਵਰਗੇ ਪੈਗ਼ੰਬਰ ਨੂੰ ਉਸ ਕੁੱਖ ਵਿਚ ਪਾ ਜੋ ਅਨੁਭਵ ਕੀਤਾ ਉਸ ਦਾ ਅੰਦਾਜ਼ਾ ਕੋਈ ਦੂਜਾ ਲਗਾ ਨਹੀਂ ਸਕਦਾ। ਜਿਤਨੇ ਵੀ ਪੈਗ਼ੰਬਰ ਇਸ ਧਰਤੀ ਤੇ ਆਏ ਸੁਣੀਂਦੇ ਹਨ। ਉਨ੍ਹਾਂ ਦੀਆਂ ਮਾਵਾਂ ਇਸ ਖ਼ੁਸ਼ੀ ਤੋਂ ਵਾਂਝੀਆਂ ਹੀ ਰਹੀਆਂ। ਮਾਤਾ ਦੇਵਕੀ, ਕ੍ਰਿਸ਼ਨ ਜੀ ਦੀ ਜਨਨੀ ਜ਼ਰੂਰ ਸੀ ਪਰ ਕਾਰਾਗ੍ਰਹ ਵਿਚ ਪਏ ਹੋਣ ਕਾਰਨ ਗੋਦ ਦਾ ਸੁਖ ਨਾ ਮਾਣ ਸਕੀ। ਸਿਸਕਦੀ ਤੇ ਤਰਸਦੀ ਰਹੀ। ਮਾਂ-ਪਿਆਰ ਤੋਂ ਕ੍ਰਿਸ਼ਨ ਜੀ ਵਾਂਝੇ ਰਹੇ ਤੇ ਪੁੱਤ-ਪਿਆਰ ਤੋਂ ਮਾਂ। ਹਜ਼ਰਤ ਈਸਾ ਮਰਯਮ ਦੀ ਕੁਆਰੀ ਕੁੱਖ ਵਿਚ ਆਏ। ਜੋ ਤਾਹਨੇ ਮਿਹਣੇ ਮਰਯਮ ਨੂੰ ਸਹਾਰਨੇ ਪਏ ਉਹ ਹੀ ਜਾਣਦੀ ਹੋਵੇਗੀ। ਬੁੱਧ ਦੀ ਮਾਂ ਜਨਮ ਦੇਂਦੇ ਸਾਰ ਹੀ ਚੜ੍ਹਾਈ ਕਰ ਗਈ। ਮਾਸੀ ਕੋਲ ਪਲੇ। ਉਹ ਵਿਚਾਰੀ ਤਾਂ ਸਿਰਫ਼ ਸੁਪਨਿਆਂ ਦਾ ਸੁਆਦ ਹੀ ਲੈਂਦੀ ਰਹੀ। ਮਹਾਂਵੀਰ ਜੀ ਦੀ ਮਾਂ ਤ੍ਰਿਸ਼ੂਲਾ ਨੂੰ ਚੌਦਾਂ ਸੁਪਨੇ ਆਏ। ਹਰ ਸੁਪਨਾ ਆਉਣ ਤੇ ਤ੍ਰਿਸ਼ੂਲਾ ਨੂੰ ਕਾਂਬਾ ਛਿੜ ਜਾਂਦਾ ਸੀ। ਸੁਪਨਿਆਂ ਦਾ ਵੇਰਵਾ ਦੇਂਦੀ ਡਰ ਜਾਂਦੀ ਸੀ। ਕਦੀ ਸਫ਼ੈਦ ਹਾਥੀ, ਕਦੇ ਚਿੱਟਾ ਦੰਦ, ਕਦੇ ਲਕਸ਼ਮੀ ਦੇਵੀ, ਕਦੇ ਫੁੱਲਾਂ ਦਾ ਹਾਰ ਗੱਲ ਪੈਂਦਾ ਦਿੱਸੇ ਸੂ। ਕਦੇ ਚੰਨ


www.AKJ.Org

ਚੜ੍ਹੇ, ਕਦੇ ਸੂਰਜ ਤਾਰੇ, ਕਦੇ ਝੰਡਾ ਝੂਲੇ, ਕਦੇ ਕਲਸ ਚਮਕੇ, ਕਦੇ ਸਰੋਵਰ ਕੰਵਲ ਫੁੱਲਾਂ ਨਾਲ ਭਰਿਆ ਦਿਸੇ, ਕਦੇ ਡੂੰਘੇ ਸਾਗਰਾਂ ਦੀਆਂ ਛੱਲਾਂ ਦਿੱਸਣ, ਕਦੇ ਜ਼ਹਾਜ ਉਡਦੇ ਨਜ਼ਰੀ ਆਉਣ, ਕਦੇ ਰਤਨਾਂ ਦਾ ਖਜ਼ਾਨਾਂ ਖਿਲਰਿਆ ਅਤੇ ਅਗਰ ਬੱਤੀਆਂ ਦੀ ਖੁਸ਼ਬੂ ਬਗੈਰ ਧੂੰਏ ਤੋਂ ਮਿਲਦੀ ਮਹਿਸੂਸ ਕਰੇ। ਪਰ ਧੰਨ ਮਾਤਾ ਤ੍ਰਿਪਤਾ ਸੀ ਨਾਰਾਇਣ ਕਲਾਧਾਰ ਨੂੰ ਕੁੱਖ ਵਿੱਚ ਪਾ ਕੇ ਸਮਿਚੀ ਰਹੀ। ਪ੍ਰਭੂ ਨੂੰ ਯਾਦ ਕਰਦੀ ਰਹਿੰਦੀ। ਕੋਈ ਮਾਂ ਵੀ ਇੰਨੀ ਵੱਡੇ ਹਿਰਦੇ ਵਾਲੀ ਨਹੀਂ ਸੀ, ਜੋ ਇੰਨ੍ਹਾਂ ਮਹਾਨ ਆਤਮਾਵਾਂ ਨੂੰ ਸਾਧਾਰਨ ਤਰੀਕੇ ਨਾਲ ਪਾਲ ਸਕੀ ਹੋਵੇ। ਕੇਵਲ ਤ੍ਰਿਪਤਾ ਹੀ ਐਸੀ ਮਾਤਾ ਸੀ ਜਿਸ ਜਨਮ ਦੇ ਕੇ ਬੱਚੇ ਦੀ ਖੁਸ਼ੀ ਵੀ ਮਾਣੀ, ਪਾਲਿਆ ਵੀ, ਪੋਸਿਆ ਵੀ ਅਤੇ ਲਾਡ ਵੀ ਲਡਾਏ। ਮਾਤਾ ਤ੍ਰਿਪਤਾ ਨੇ ਸਾਨੂੰ ਦਰਸਾ ਦਿਤਾ ਕਿ ਮਾਤਾ ਦਾ ਕੀ ਰੋਲ ਹੈ, ਜੇ ਘਰ ਗੁਰੂ ਨਾਨਕ ਵਰਗਾ ਬਾਲਕ ਵੀ ਜਨਮੇ। ਅੰਦਾਜ਼ੇ ਲਗਾਉਣੇ ਬੜੇ ਅਸਾਨ ਹਨ ਕਿ ਪਿਤਾ ਦੇ ਕ੍ਰੋਧ ਤੋਂ ਕਿਵੇਂ ਬੁਕੱਲ ਵਿਚ ਲੈ ਬਚਾਂਦੇ ਹੋਣਗੇ। ਜੋ ਵਾਰਤਾਲਾਪ ਮਾ- ਪੁੱਤ ਦਾ ਅਖੀਰ ਤੇ ਹੋਇਆ ਉਸ ਦਾ ਵਰਣਨ ਬਹੁਤ ਜ਼ਰੂਰੀ ਹੈ।

ਗੁਰੂ ਨਾਨਕ ਜੀ ਨੇ ਜਦ ਚਰਨੀਂ ਹੱਥ ਲਾਇਆ ਤਾਂ ਮਾਂ ਨੇ ਜੱਫ਼ੀ ਵਿਚ ਲੈ ਲਿਆ। ਸਭ ਪਿਆਸ ਬੁਝ ਗਈ। ਗੁਰੂ ਨਾਨਕ ਜੀ ਨੇ ਕਿਹਾ : ਮਾਂ ! ਜਗਤ ਸੁਪਨੇ ਨਿਆਈਂ ਹੈ। ਪਕੜ ਨਹੀਂ ਰੱਖਣੀ। ਭਾਉ ਭਗਤ ਜਿੰਨ੍ਹਾਂ ਦੇ ਹਿਰਦੇ ਹੈ, ਉਹ ਫਿਰ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ। ਮਾਤਾ ਜੀ ਨੂੰ ਸਹਿਜੇ ਕਿਹਾ : ਮਾਂ ! ਜਦ ਗਹਿਣਾ ਖ਼ਰੀਦਣ ਜਾਓ ਤਾਂ ਸੁਨਿਆਰਾ ਸੋਨੇ ਵੱਲ ਧਿਆਨ ਨਹੀਂ ਜਾਣ ਦੇਂਦਾ । ਨਮੂਨੇ, ਘਾੜਤ ਦੀ ਗੱਲ ਕਰਦਾ ਹੈ। ਪਰ ਜਦ ਵੇਚਣ ਜਾਓ ਤਾਂ ਕਹਿੰਦਾ ਹੈ ਕਿ ਨਮੂਨੇ ਦਾ ਕਾਹਦਾ ਮੁੱਲ । ਮੁੱਲ ਤਾਂ ਕੇਵਲ ਸੋਨੇ ਦਾ ਹੈ। ਸੋ ਪ੍ਰਭੂ ਦੇ ਦਰ ਕਰਨੀ ਹੀ ਪਰਖੀ ਜਾਣੀ ਹੈ। ਤੁਸਾਂ ਬੜਾਂ ਸਵੱਛ ਜੀਵਨ ਜੀਵਿਆ ਹੈ।

ਜਿਸ ਉਚ ਆਤਮਕ ਅਵਸਥਾ ਨੂੰ ਮਾਤਾ ਜੀ ਪੁੱਜੇ ਹੋਏ ਸਨ ਉਸਦੀ ਉਦਾਹਰਣ ਸੂਰਜ ਪ੍ਰਕਾਸ਼ ਨੇ ਦਿਤੀ ਹੈ ਕਿ ਇੰਜ ਪ੍ਰਾਣ ਤਿਆਗੇ ਜਿਵੇਂ ਹਾਥੀ ਫੁੱਲਾਂ ਦੀ ਮਾਲਾ ਸੁੱਟਦਾ ਹੈ। ਅਤਿ ਸੌਖੇ ਸਹਿਜੇ ਜਿਵੇਂ ਜਲ ਵਿੱਚ ਜਲ ਸਮਾ ਜਾਂਦਾ ਹੈ। ਗੱਲਾਂ-ਬਾਤਾਂ ਕਰਦੇ ਹੀ ਸਮਾ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮ-ਕਥਾ ਵਿਚ ਲਿਖਿਆ ਹੈ ਕਿ ਤਾਤ ਮਾਤ ਨੇ ਜਿਵੇਂ ਮੈਨੂੰ ਭਾਤ-ਭਾਤ ਸਿੱਖਿਆ ਅਤੇ ਤਰ੍ਹਾਂ-ਤਰ੍ਹਾਂ ਦੀ ਰੱਖਿਆ ਕੀਤੀ, ਵਰਣਨ ਯੋਗ ਹੈ। ਉਹ ਇਤਿਹਾਸਕ ਸਚਾਈ ਹੈ ਕਿ ਪਹਿਲੇ ਸੱਤ ਸਾਲ ਨਿਰੋਲ ਉਨ੍ਹਾਂ ਮਾਤਾ ਗੁਜਰੀ ਪਾਸ ਪਟਨਾ ਸਾਹਿਬ ਵਿਚ ਗੁਜਾਰੇ। ਬੇਬੇ ਨਾਨਕੀ ਦੇ ਰੂਪ ਵਿਚ ਭੈਣ ਦਾ ਰੋਲ ਸਾਡੇ ਘਰ ਉਜਾਗਰ ਹੁੰਦਾ ਹੈ। ਭੈਣ ਜ਼ਰੂਰ ਭਾਵੁਕ ਹੁੰਦੀ ਹੈ ਪਰ ਨਾਲ ਭਾਵਨਾ ਹੋਵੇ, ਅਨੁਭਵ ਹੋਵੇ ਤਾਂ ਕਿਤਨਾ ਕੁਝ ਸੰਵਾਰ ਦੇਂਦੀ ਹੈ, ਉਸ ਦਾ ਅਨੁਮਾਨ ਬੇਬੇ ਨਾਨਕੀ ਦੇ ਕਰਤੱਵ ਤੋਂ ਲਗਾਇਆ ਜਾ ਸਕਦਾ ਹੈ। ਬੇਬੇ ਨਾਨਕੀ ਗੁਰੂ ਨਾਨਕ ਦੇਵ ਜੀ ਨਾਲੋਂ ਉਮਰ ਵਿਚ ਪੰਜ ਸਾਲ ਵੱਡੀ ਸੀ। ਸਭ ਤੋਂ ਪਹਿਲਾਂ ਨਾਨਕੀ ਜੀ ਨੇ ਹੀ ਗੁਰਮਤਿ ਨੂੰ ਜਾਣਿਆ ਅਤੇ ਸਿੱਖੀ ਧਾਰਨ ਕੀਤੀ। ਮਹਾਨ ਕੋਸ਼ ਵਿੱਚ ਕਾਹਨ ਸਿੰਘ ਜੀ, ਬੇਬੇ ਨਾਨਕੀ ਦੇ ਸਿਰਲੇਖ ਹੇਠਾਂ ਲਿਖਦੇ ਹਨ : ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਧਾਰਨ ਵਾਲੀ ਪਹਿਲੀ ਸੀ। ਗੱਲ ਬਿਲਕੁਲ ਠੀਕ ਹੈ। ਬੇਬੇ ਨਾਨਕੀ ਨੇ ਗੁਰੂ ਨਾਨਕ ਜੀ ਨੂੰ ਵੀਰ ਕਰ ਕੇ ਨਹੀਂ ਉਹ ਸਭ ਤੋਂ ਕਰਕੇ ਜਾਣਿਆ। ਇਤਿਹਾਸਕ ਗਵਾਹੀ ਹੈ ਕਿ ਜਦ ਗੁਰੂ ਨਾਨਕ ਜੀ ਮੋਦੀ ਦਾ ਕੰਮ ਸੰਭਾਲਣ ਲਈ ਸੁਲਤਾਨਪੁਰ ਗਏ ਤਾਂ ਬੇਬੇ ਜੀ ਪੈਰਾਂ ਤੇ ਢਹਿ ਪਏ। ਗੁਰੂ ਨਾਨਕ ਜੀ ਨੇ ਫ਼ਰਮਾਇਆ : 'ਬੇਬੇ ਜੀ, ਤੂੰ ਵੱਡੀ ਹੈਂ, ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ।' ਤਾ ਸ਼ਰਧਾ ਵਿਚ ਭਿੱਜੀ ਭੈਣ ਨੇ ਕਿਹਾ ਸੀ : 'ਭਾਈ ਜੀ, ਤੂੰ ਸੱਚ ਆਖਦਾ ਹੈਂ, ਪਰ ਜੇ ਤੂੰ ਆਦਮੀ ਹੋਵੇਂ ਤਾਂ ? ਤੂੰ ਤਾਂ ਮੈਨੂੰ ਪ੍ਰਮੇਸ਼ਵਰ ਨਜ਼ਰ ਆਉਂਦਾ ਹੈਂ।'

ਬੇਬੇ ਨਾਨਕੀ ਨੇ ਮਾਤਾ ਤ੍ਰਿਪਤਾ ਨੂੰ ਵੀ ਕਹਿ ਦਿਤਾ ਸੀ ਕਿ ਵੀਰ ਨੂੰ ਪੁੱਤਰ ਕਰ ਨਾ ਜਾਣੀਂ ਅਤੇ ਪਿਤਾ ਕਾਲੂ ਜੀ ਨੂੰ ਪੂਰੇ ਧੀਆਂ ਵਾਲੇ ਮਾਣ ਨਾਲ ਕਿਹਾ ਸੀ : 'ਨਾਨਕ ਕੋਈ ਇਸ ਜਗਤ ਦਾ ਜੀਵ ਨਹੀਂ, ਫ਼ਕੀਰ ਦੋਸਤ ਹੈ।' ਗੁਰੂ ਨਾਨਕ ਦੇਵ ਜੀ ਵੀ ਭੈਣ ਦੇ ਹਰ ਹੁੰਗਾਰੇ ਤੇ ਹਾਂ ਕਰ ਦਿੰਦੇ ਹਨ। ਉਹ ਕਿਹਾ ਕਰਦੇ 'ਬੇਬੇ ਜੀ ਤੂੰ ਆਖੇਂਗੀ ਸੋ ਮੈਂ ਮੰਨਾਗਾ ਤੂੰ ਮੇਰੀ ਵੱਡੀ ਭੈਣ ਹੈਂ।' ਫਿਰ ਜਦ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਠੰਡ ਪਾਉਣ ਸੁਲਤਾਨ ਪੁਰ ਤੋਂ ਟੁਰੇ ਤਾ ਭੈਣ ਨਾਨਕੀ ਜੀ ਕੋਲੋਂ ਇਕ ਰੁਪਿਆ


www.AKJ.Org

ਲੈ ਕੇ ਫਿਰੰਦੇ ਪਾਸੋਂ ਰਬਾਬ ਬਣਵਾ ਕੇ ਭਾਈ ਮਰਦਾਨਾ ਜੀ ਨੂੰ ਦਿਤੀ ਤਾਂ ਕਿ ਭੈਣ ਦੀ ਮਿੱਠੇ ਯਾਦ ਸਦਾ ਨਾਲ ਰਹੇ। ਟੁਰਨ ਵੇਲੇ ਗੁਰੂ ਨਾਨਕ ਜੀ ਨੇ ਫ਼ੁਰਮਾਇਆ ਸੀ, 'ਬੇਬੇ ਜੀ, , ਤੁਸੀਂ ਖ਼ਾਤਿਰ ਜਮ੍ਹਾ ਰੱਖੋ, ਜਿਤ ਵੇਲੇ ਤੁਸੀਂ ਯਾਦ ਕਰੋਗੇ ਤਿਤ ਵੇਲੇ ਤੁਸਾਂ ਪਾਸ ਆਇ ਹਾਜ਼ਰ ਹੋਸਾਂ।' ਬੇਬੇ ਨਾਨਕੀ ਦਾ ਰੋਲ ਉਸ ਵਕਤ ਹੋਰ ਸਪੱਸ਼ਟ ਹੋ ਜਾਂਦਾ ਹੈ ਜਦ ਵੀਰ ਲਈ ਉਸ ਨੂੰ ਕਈ ਮਿਹਣੇ ਤਾਹਨੇ ਵੀ ਸਹਾਰਨੇ ਪੈਂਦੇ ਸਨ ਪਰ ਮਜ਼ਾਲ ਕੀ ਉਨ੍ਹਾਂ ਸਾਹਮਣੇ ਕੋਈ ਗੁਰ-ਨਿੰਦਿਆ ਕਰ ਸਕੇ। ਸੁਲਤਾਨਪੁਰ, ਮੋਦੀ ਦਾ ਕੰਮ ਕਰਦੇ ਜਦ ਵੀਰ ਨੂੰ ਕੁਝ ਸਾਲ ਹੋ ਗਏ ਤਾਂ ਇਕ ਵਾਰੀ ਗੁਰੂ ਮਹਾਰਾਜ ਦੀ ਸੱਸ ਬੀਬੀ ਚੰਦੋ ਨੇ ਆ ਕੇ ਖ਼ੂਬ ਜਲੀਆਂ-ਕਟੀਆਂ ਸੁਣਾਈਆਂ ਅਤੇ ਉਹ ਇਥੋਂ ਤਕ ਆਖ ਗਏ ਕਿ ਉਸ ਦੀ ਧੀ 'ਸੁਲੱਖਣੀ' ਦਾ ਰਤਾ ਵੀ ਕਪੜੇ ਲੱਤੇ ਦਾ ਖ਼ਿਆਲ ਨਹੀਂ ਰਖਿਆ ਜਾਂਦਾ। ਉਹ ਹੀ ਆਪਣੇ ਵੀਰ ਨੂੰ ਸਮਝਾਏ। ਜੋ ਉੱਤਰ ਬੇਬੇ ਨਾਨਕੀ ਨੇ ਚੰਦੋ ਨੂੰ ਦਿੱਤਾ ਉਸ ਤੋਂ ਉਨ੍ਹਾਂ ਦਾ ਵੀਰ-ਪਿਆਰ ਤਾਂ ਡਲ੍ਹਕਾਂ ਮਾਰਦਾ ਹੀ ਹੈ ਪਰ ਨਾਲ ਹੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੀ ਇਕ ਹੋਰ ਨਿਰਾਲੀ ਤਸਵੀਰ ਉਭਰ ਕੇ ਸਾਹਮਣੇ ਆਉਂਦੀ ਹੈ। ਬੇਬੇ ਨਾਨਕੀ ਜੀ ਨੇ ਕਿਹਾ : 'ਸੁਣ ਮਾਸੀ ਜੀ, ਮੈਂ ਭਿਰਾਉ ਤਾਈਂ ਕੀ ਸਮਝਾਵਾਂ। ਭਿਰਾਉ ਮੇਰਾ ਚੋਰ ਨਹੀਂ, ਯਾਰ ਨਹੀਂ, ਜੁਆਰੀ ਨਹੀਂ, ਕੋਈ ਬੁਰਾ ਕੰਮ ਨਹੀਂ ਕਰਦਾ। ਮੈਂ ਉਸ ਨੂੰ ਕੀ ਸਮਝਾਵਾਂ, ਉਹ ਦਾਨ ਪੁੰਨ ਕਰਦਾ ਹੈ। ਨੰਗੇ ਭੁੱਖੇ ਨੂੰ ਦੇਂਦਾ ਹੈ ਤਾਂ ਆਪਣੀ ਖੱਟੀ ਕਮਾਈ ਵਿਚੋਂ ਕਰਦਾ ਹੈ। ਮੈਂ ਕੀ ਸਮਝਾਵਾਂ ? ਆਪਣੀ ਕਮਾਈ ਵਿਚੋਂ ਭਾਵੇਂ ਜੋ ਸੋ ਕਰੇ।

'ਮਾਸੀ, ਤੁਸੀਂ ਉਲ੍ਹਾਮੇ ਤਾਂ ਦੇਵੋ ਜੇ ਤੁਹਾਡੀ ਧੀ ਨੰਗੀ ਭੁੱਖੀ ਰਹਿੰਦੀ ਹੋਵੇ। ਤੁਸੀਂ ਤਾਂ ਆਖੋ । ਸਾਡੇ ਮੂੰਹੋਂ ਸੁਆਦ ਨਹੀਂ ਦੇਂਦਾ। ਅਸੀਂ ਇਸ ਮੂੰਹੋਂ ਕੁਝ ਆਖੀਏ। ਤੂੰ ਸੁਣ ਮਾਸੀ, ਗਹਿਣੇ ਦੀ ਜਾਏ ਗਹਿਣਾ ਹੈ। ਕਪੜੇ ਦੀ ਜਾਏ ਕਪੜਾ ਹੈ। ਅੰਨ ਦੀ ਜਾਏ ਅੰਨ ਹੈ ਅਤੇ ਮੈਂ ਅਸਤਿ ਅਸਤਿ ਕਰਦੀ ਰਹਿੰਦੀ ਹਾਂ ਅਤੇ ਭਾਬੀ ਬਿਨਾਂ ਮੈਂ ਇਸ ਮੂੰਹੋਂ ਕਦੇ, ਸਦਿਆ ਨਹੀਂ।' ਔਰਤ ਦਾ ਰੋਲ ਤਾਂ ਉਸ ਵਕਤ ਵੀ ਸਪੱਸ਼ਟ ਹੋ ਜਾਂਦਾ ਹੈ ਜਦ ਇਕ ਔਰਤ ਭਾਵੇਂ ਉਹ ਭੈਣ ਹੈ ਪਰ ਦੂਜੀ ਔਰਤ ਨੂੰ ਭਾਵੇਂ ਉਹ ਭਰਾ ਦੀ ਸੱਸ ਹੈ ਨੂੰ ਕਿਵੇਂ ਸਮਝਾਂਦੀ ਹੈ।

ਭਰਾ ਦਾ ਪਿਆਰ ਭੈਣ ਲਈ ਅਨੋਖਾ ਹੀ ਸੀ ਜਦ ਗੁਰੂ ਨਾਨਕ ਜੀ ਨੇ ਭਾਈ ਜੈ ਰਾਮ ਜੀ ਨੂੰ ਕਿਹਾ, 'ਜੀਜਾ ਜੀ । ਕੁਝ ਕਿਰਤ ਹੋਵੇ ਤਾਂ ਭਲਾ ਹੋਏ।' ਇਹ ਸੁਣਦੇ ਸਾਰ ਪਿਆਰ ਰਤੀ ਭੈਣ ਨੇ ਕਿਹਾ, 'ਵੀਰ ਤੂੰ ਪਰਮੇਸਰ ਦਾ ਰੂਪ ਹੈਂ। ਜੇਹਾ ਰੁਖਾ ਅਲੂਣਾ ਟੁੱਕਰ ਹੈ, ਤੇਹਾ ਬੈਠ ਖਾਹਿ। ਤੂੰ ਇਨ੍ਹਾਂ ਜੰਜਾਲਾਂ ਵਿਚ ਨਾ ਪਉ। ਤੂੰ ਇਨ੍ਹਾਂ ਜੰਜਾਲਾਂ ਲਾਇਕ ਨਹੀਂ।' ਗੁਰੂ ਨਾਨਕ ਜੀ ਨੇ ਮੋੜਵੀਂ ਗੱਲ ਕਰਦੇ ਕਿਹਾ: 'ਬੇਬੇ ਜੀ । ਕਿਰਤ ਕਰ ਖਾਈਐ ਤਾਂ ਦੇਹੀ ਪਵਿਤ੍ਰ ਹੋਇ। ਇਸ ਤਰ੍ਹਾਂ ਭੈਣ ਨੂੰ ਜੋ ਸਮਝਾਇਆ ਭੈਣ ਨੇ ਵੀ ਅਗੋਂ ਪੂਰਾ ਮਾਣ ਰਖਿਆ। ਭਾਈ ਜੈ ਰਾਮ ਨੈ ਜਦ ਨਾਨਕੀ ਨੂੰ ਕਿਹਾ : ਤੂੰ ਨਾਨਕ ਦੀ ਭੈਣ ਹੈਂ ਤੇਰੇ ਵਿਚ ਉਸ ਦਾ ਅੰਸ਼ ਹੈ। ਤੂੰ ਧੰਨ ਹੈਂ ਪਰ ਥੋੜ੍ਹਾ ਥੋੜ੍ਹਾ ਅਸੀਂ ਵੀ ਧੰਨ ਹਾਂ, ਜਿਨ੍ਹਾਂ ਦਾ ਸੰਬੰਧ ਸਾਡੇ ਨਾਲ ਹੋਇਆ ਹੈ।' ਨਾਨਕੀ ਦਾ ਕਿਤਨਾ ਪ੍ਰਭਾਵ ਨੇੜੇ ਹੋਏ ਤੋਂ ਪੈਂਦਾ ਸੀ।

ਸੁਲੱਖਣੀ ਦੇ ਰੂਪ ਵਿਚ ਪਤਨੀ ਦਾ ਕਰਤੱਵ ਵੀ ਵੇਖਣ ਵਾਲਾ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਦੇ ਪਿਛੇ ਇਕ ਬਹੁਤ ਭਾਰੀ ਕੰਧ ਵਾਂਗੂ ਖੜੇ ਸਨ। ਪਹਿਲਾਂ ਤਲਵੰਡੀ ਤੋਂ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਜਾਣ ਲਗੇ ਤਾਂ ਉਨ੍ਹਾਂ ਇਕ ਵਾਰ ਕਿਹਾ: ਮੈਨੂੰ ਨਾਲ ਲਈ ਜਾਓ।' ਪਰ ਜਦ ਗੁਰੂ ਨਾਨਕ ਨੇ ਕਿਹਾ : 'ਰੋਜ਼ਗਾਰ ਲਗੇਗਾ ਤਾਂ ਸਦਾਇ ਲੈਸਾਂ' ਤਾਂ ਰਤਾ ਭਰ ਨਾ ਉਭਾਸਰੇ। ਸੁਲਤਾਨਪੁਰ ਵਿਚ ਗੁਰੂ ਨਾਨਕ ਦਾ ਹੱਥ ਖੁਲ੍ਹਾ ਦੇਖ ਕਦੇ ਰੋਕਿਆ ਟੋਕਿਆ ਨਹੀਂ। ਭਾਵੇਂ ਇਰਦ-ਗਿਰਦ ਦੇ ਲੋਕੀਂ ਕਿਤਨਾ ਕੁਝ ਕਹਿੰਦੇ ਸਨ। ਜਦ 17 ਸਾਲ ਗੁਰੂ ਨਾਨਕ ਸਾਹਿਬ ਜਗਤ ਨੂੰ ਤਾਰਨ ਹਿਤ ਵਿਚਰਦੇ ਰਹੇ ਤਾਂ ਜਿਵੇਂ ਬੇਟਿਆਂ ਨੂੰ ਪਾਲਿਆ, ਉਨ੍ਹਾਂ ਦਾ ਹੀ ਕਰਤੱਵ ਸੀ। ਇਹ ਹੀ ਕਾਰਨ ਲਗਦਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਣ ਲਗੇ ਤਾਂ ਸੁਲਖੱਣੀ ਜੀ ਨੇ ਕਿਹਾ :'ਆਗਿਆ ਕਰੋ ਕਿ ਮੈਂ ਨਾਲ ਹੀ ਸੁਆਸ ਛਡਾਂ' ਤਾਂ ਉਸ ਵਕਤ ਜੋ ਸ਼ਬਦ ਗੁਰੂ ਨਾਨਕ ਜੀ ਨੇ ਕਹੇ, ਗੁਰਬਿਲਾਸ ਪਾਤਸ਼ਾਹੀ ਛੇਂਵੀ ਦੇ ਅਧਿਆਇ 16 ਵਿਚ ਕਵੀ ਸੋਹਣ


www.AKJ.Org

ਨੇ ਦਰਜ ਕੀਤੇ ਹਨ: ਗੁਰੂ ਨਾਨਕ ਨੇ ਕਿਹਾ ਤੁਸੀਂ ਜ਼ਰਾ ਵੀ ਸੰਸਾ ਨਹੀਂ ਕਰਨਾ। ਤੁਸੀਂ ਆਪਣੀ ਕਰਨੀ, ਕਰਤਵ, ਵਿਹਾਰ ਨਾਲ ਜੀਵਨ ਮੁਕਤ ਹੋ। ਸਮਾਂ ਪਾ ਕੇ ਸੁਆਸ ਛਡਣੇ ਦਰ ਘਰ ਨੂੰ ਪਾਉਣਾ ਹੈ।

ਮਹਲ ਸੁਲਖਣੀ ਬਚਨ ਅਲਾਏ:
ਮਹਾਰਾਜ ਮੈਂ ਤੁਮਰੀ ਦਾਸੀ। ਮੇਰੇ ਆਗਯਾ ਕਰ ਅਬਿਨਾਸੀ ।
ਸ੍ਰੀ ਗੁਰੂ ਨਾਨਕ ਐਸ ਉਚਾਰੀ। ਤੁਮ ਹੋ ਮੁਕਤ, ਕਾ ਸੰਸ ਵਿਚਾਰੀ ।
ਸਮਾਂ ਪਾਇ ਜਬ ਸੁਆਸ ਬਿਹਾਵੇ ।ਤਜ ਇਹ ਦੇਹ ਮੁਕਤਿ ਹੋਇ ਜਾਵੇ । (-ਅਧਿਆਇ ਸੋਲ੍ਹਾਂ)

ਮਾਤਾ ਖੀਵੀ ਨੇ ਗੁਰੂ ਸੁਪਤਨੀ ਦੇ ਰੂਪ ਵਿਚ ਜਿਵੇਂ ਪੂਰਨੇ ਪਾਏ ਉਸ ਕਰਤੱਵ ਨੂੰ ਉਚੇਚਾ ਦੇਖਣ ਦੀ ਲੋੜ ਹੈ। ਇਹ ਨਿਰਾਲੀ ਖੇਡ ਗੁਰੂ ਗ੍ਰੰਥ ਸਾਹਿਬ ਵਿਚ ਹੋ ਰਹੀ ਹੈ ਕਿ ਕਿਸੇ ਪਤਨੀ ਬਾਰੇ ਉਚੇਚੀ ਪਉੜੀ ਲਿਖੀ ਗਈ ਹੋਵੇ। ਬਲਵੰਡ ਜੀ ਕਹਿੰਦੇ ਹਨ : ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਨੇਕ ਹਨ। ਗੁਰੂ ਅੰਗਦ ਦੇਵ ਜੀ ਤਾਂ ਸਤਿਸੰਗ ਰੂਪੀ ਲੰਗਰ ਲਗਾ ਕੇ ਨਾਮ ਦੀ ਦੌਲਤ ਵੰਡ ਰਹੇ ਸਨ ਅਤੇ ਖੀਵੀ ਜੀ ਲੰਗਰ ਦੀ ਸੰਭਾਲ ਕਰਦੇ ਹਰ ਲੋੜਵੰਦ ਦੀ ਕੇਵਲ ਲੋੜ ਹੀ ਨਹੀਂ, ਸਗੋਂ ਖੁਲ੍ਹਾ ਘਿਉ ਮੈਦਾ ਤੇ ਖੀਰ ਵੰਡੀ ਜਾ ਰਹੇ ਹਨ। ਹਰ ਇਕ ਨੂੰ ਘਿਉ ਵਾਲੀ ਖੀਰ ਮਿਲਦੀ ਸੀ। ਜੋ ਵੀ ਤਪਿਆ ਖਪਿਆ ਅਤੇ ਸਤਿਆ ਆਉਂਦਾ ਸੀ ਆਪ ਜੀ ਪਾਸ ਆ ਕੇ ਧੀਰਜ ਪਕੜਦਾ ਸੀ। ਵਾਰ ਦੇ ਸ਼ਬਦ ਹਨ :

ਬਲਵੰਡ ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ॥ (ਰਾਮਕਲੀ ਕੀ ਵਾਰ, ਪੰਨਾ ੯੬੭)

ਖੀਵੀ ਜੀ ਨੇ ਆਪਣੇ ਪੁੱਤਰਾਂ ਨੂੰ ਕਿਹਾ ਹੋਇਆ ਸੀ ਕਿ ਨਿਰਬਾਹ ਕਿਰਤ ਕਰ ਕੇ ਕਰੋ। ਇਹ ਪੂਜਾ ਦਾ ਮਾਲ ਜ਼ਹਿਰੇ ਕਾਤਲ ਹੈ। ਪਹਿਰ ਰਾਤ ਰਹਿੰਦੀ ਮਾਤਾ ਖੀਵੀ ਜੀ ਉਠਦੇ। ਘਰ ਦੇ ਕੰਮ ਕਾਜ ਤੋਂ ਵਿਹਲਿਆਂ ਹੋ ਕੇ ਲੰਗਰ ਦੀ ਸੇਵਾ ਵਿਚ ਜੁਟ ਜਾਂਦੇ। ਜਦ ਗੁਰ-ਗੱਦੀ ਸੰਭਾਲਣ ਦੀ ਚਰਚਾ ਚੱਲੀ ਤਾਂ ਪੁਤਰਾਂ ਦਾਸੂ ਜੀ ਅਤੇ ਦਾਤੂ ਜੀ ਨੇ ਆਪਣੇ ਹੱਕ ਜਤਲਾਏ ਤਾਂ ਆਪ ਜੀ ਨੇ ਪੁੱਤਰਾਂ ਨੂੰ ਸਮਝਾਇਆ ਕਿ 'ਇਹ ਮੇਰੀ ਜਾਂ ਤੇਰੀ ਸਿਫ਼ਾਰਸ਼ ਦੀ ਗੱਲ ਨਹੀਂ, ਕਿਸੇ ਦੇ ਕੁਝ ਹੱਥ ਨਹੀਂ ਸਭ ਕੁਝ ਕਰਤਾਰ ਅਧੀਨ ਹੈ।' ਦਾਤੂ ਜੀ ਅਤੇ ਦਾਸੂ ਜੀ ਨੇ ਜਦ ਜ਼ਿੱਦ ਕਰ ਕੇ ਗੁਰੂ ਅਮਰਦਾਸ ਜੀ ਨੂੰ ਇਕ ਵਾਰੀ ਰਾਹ ਵਿਚ ਘੇਰ ਲਿਆ ਤਾਂ ਆਪ ਜੀ ਦੋਵੇਂ ਬੱਚੇ ਲੈ ਕੇ ਉਨ੍ਹਾਂ ਪਾਸ ਪੁੱਜੇ ਅਤੇ ਖਿਮਾਂ ਦੇਣ ਲਈ ਬੇਨਤੀ ਕੀਤੀ ਅਤੇ ਨਿਮਰ-ਭਾਵ ਵਿਚ ਫ਼ਰਮਾਇਆ: 'ਗੁਰੂ ਨਾਨਕ ਦੇ ਘਰ ਦੀ ਵੱਡੀ ਦਉਲਤ ਗਰੀਬੀ ਹੈ। ਦੋਵੇਂ ਬੱਚੇ ਨਾਲ ਲੈ ਕੇ ਆਈ ਹਾਂ। ਇਨ੍ਹਾਂ ਨੇ ਲੋਕਾਂ ਦੇ ਚੁੱਕੇ ਚੁਕਾਏ ਆਪ ਜੀ ਦੀ ਬੇਅਦਬੀ ਕੀਤੀ ਹੈ, ਆਪ ਮਿਹਰ ਕਰੋ। ਭੁਲਣਹਾਰ ਜਾਣ ਕੇ ਆਪਣੇ ਬੱਚੇ ਸਮਝ ਕੇ ਸਖ਼ਸ਼ ਦਿਉ ਨੇ।'

ਕੈਸੀ ਤਾਲੀਮ ਬੱਚਿਆਂ ਨੂੰ ਦੇਂਦੇ ਰਹੇ। ਉਸਦੀ ਇਕ ਹੋਰ ਉਦਾਹਰਣ ਮਾਤਾ ਖੀਵੀ ਜੀ ਦੀ ਸਪੁੱਤਰੀ ਬੀਬੀ ਅਮਰੋ ਹੈ।

ਬੀਬੀ ਅਮਰੋ ਬਾਰੇ ਸਾਡੇ ਇਤਿਹਾਸ ਨੇ ਲਿਖਿਆ ਹੈ ਕਿ 'ਜਿਵੇਂ ਭਗਤੀ ਆਪਣਾ ਸਰੀਰ ਧਾਰ ਗੁਰੂ-ਪਿਤਾ ਘਰ ਜਨਮੀ ਹੋਵੇ।'

ਭਗਤਿ ਧਾਰ ਬਪੁ ਅਪਨੋ, ਉਪਜੀ ਸਤਿਗੁਰ ਧਾਮ।

ਗਲਾ ਅਤਿ ਸੁਰੀਲਾ ਕੰਠ ਕੋਕਿਲਾ ਅਤੇ ਬਹੁਤ ਬਾਣੀ ਕੰਠ ਕਰ ਲਈ ਸੀ। ਬੀਬੀ ਅਮਰੋ ਦੇ ਸਹੁਰੇ ਬਾਸਰਕੇ ਸਨ, ਜਿਥੇ ਦੇ ਗੁਰ ਅਮਰਦਾਸ ਜੀ ਜੰਮਪਲ ਸਨ। ਗੁਰੂ ਅਮਰਦਾਸ ਜੀ ਦੇ ਸਭ ਤੋਂ ਛੋਟੇ ਭਰਾ ਭਾਈ ਭਾਈ ਮਾਣਕ ਚੰਦ ਦੇ ਪੁੱਤਰ ਜੱਸੂ ਜੀ ਨਾਲ ਵਿਆਹੇ ਹੋਏ ਸਨ। ਅੰਮ੍ਰਿਤ ਵੇਲੇ ਉਠ ਕੇ ਬੀਬੀ ਅਮਰੋ ਜੀ ਸ਼ਬਦ ਬੜੇ ਜਾਅ ਨਾਲ ਪੜ੍ਹਦੇ ਸਨ।

ਸ਼ਬਦ ਬਾਣੀ ਨਿੱਤ ਪੜ੍ਹਨ ਕਰ ਚਾਹੁ ਰੇ। (-'ਬੰਸਾਵਲੀ ਨਾਮਾ', ਬਿਤ੍ਰਾਂਤ ਗੁਰੂ ਅਮਰਦਾਸ ਚਰਣ)

ਇਸ ਸੁਰ ਨਾਲ ਪੜ੍ਹਦੇ ਕਿ ਰਸ ਹੀ ਛਾ ਜਾਂਦਾ। ਮਹਿਮਾ ਪ੍ਰਕਾਸ਼ (ਵਾਰਤਕ) ਦੇ ਸ਼ਬਦਾਂ ਵਿਚ :


www.AKJ.Org

'ਜਦ ਬ੍ਰਹਮਚਾਰੀ ਬੀਬੀ ਅਮਰਦਾਸ ਜੀ ਦੇ ਘਰੋਂ ਬਗ਼ੈਰ ਅੰਨ ਖਾਧੇ ਹੀ ਚਲਾ ਗਿਆ ਤਾਂ ਊਪਰ ਸੇ ਰਾਤ ਪੜੀ। ਕੁਛ ਪ੍ਰਸ਼ਾਦ ਨਾ ਕੀਆ ਅਰ ਨਾ ਰਾਤ ਕੋ ਸੋਏ।'

ਬੀਬੀ ਅਮਰੋ, ਗੁਰੂ ਅਗੰਦ ਜੀ ਕੀ ਬੇਟੀ, ਸ੍ਰੀ ਅਮਰਦਾਸ ਜੀ ਕੇ ਭਤੀਜੇ ਜਸੂ ਕੋ ਬਿਆਹੀ ਥੀ। ਜਬ ਪਹਿਰ ਰਾਤ ਰਹਿਤੀ ਥੀ ਬੀਬੀ ਅਮਰੋ ਨਿੱਤ ਇਸ਼ਨਾਨ ਕਰ ਕੇ ਬਾਣੀ ਦਾ ਪਾਠ ਕਰਦੇ ਥੇ। ਘਰ ਦਾ ਧੰਦਾ ਹਾਥੋਂ ਸੇ ਕਰਤੇ ਥੇ।'

'ਜਦ ਬੀਬੀ ਅਮਰੋ ਬਾਣੀ ਪੜ੍ਹਨ ਲੱਗੀ ਤਬ ਸਾਹਿਬ ਬੈਠੇ ਥੇ ਅਰ ਬੜੀ ਚਿਤਵਨੀ ਮੇਂ ਥੇ। ਤਬ ਸਾਹਿਬ ਨੇ ਸੁਣਾ, ਇਹ ਸ਼ਬਦ ਸੀ :

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ॥ ੧॥ ਰਹਾਉ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥੩॥
(-ਮਾਰੂ ਮ: ੧, ਪੰਨਾ ੯੯੦)

ਸ਼ਬਦ ਸੁਣ ਕਰ ਮਨ ਨਿਰਮਲ ਹੋਇਆ। ਜੋ ਸ਼ਬਦ ਵਿਚ ਦਰਸਾਇਆ ਸੀ, ਇਹ ਹੀ ਮਨੋ-ਦਸ਼ਾ ਬਾਬਾ ਅਮਰਦਾਸ ਜੀ ਦੀ ਸੀ। ਫਿਰ ਸ਼ਬੰਦ ਪੜ੍ਹਨ ਵਾਲੀ ਗੁਰ ਬੇਟੀ, ਦੂਜੇ ਗੁਰਬਾਣੀ, ਤੀਜੇ ਅੰਮ੍ਰਿਤ ਵੇਲਾ, ਚੌਥੇ ਸੁਣਨ ਵਾਲੇ ਦੀ ਸ਼ਰਧਾ ਅਤੇ ਪੰਜਵੇਂ ਬੀਬੀ ਅਮਰੋ ਦਾ ਮਧੁਰ ਕੰਠ।

ਇਹ ਸੀ ਬੀਬੀ ਅਮਰੋ ਦੀ ਅੰਮ੍ਰਿਤ ਵੇਲੇ ਉਠਣ ਅਤੇ ਬਾਣੀ ਪੜ੍ਹਨ ਦੀ ਬਰਕਤ ਕਿ ਬਾਬਾ ਅਮਰਦਾਸ ਜੀ ਖਡੂਰ ਸੇਵਾ ਵਿਚ ਲੱਗੇ। ਗੁਰੂ ਅਮਰਦਾਸ ਨਿਤਾਣਿਆਂ ਦੇ ਤਾਣ, ਨਿਆਸਰਿਆਂ ਦੇ ਆਸਰੇ, ਕਹਿਲਾਏ।

(ਬਾਕੀ ਅਗਲੇ ਅੰਕ ਵਿਚ) (ਪੁਸਤਕ 'ਪ੍ਰਸਿਧ ਸਿਖ ਬੀਬੀਆਂ' ਵਿਚੋਂ ਧੰਨਵਾਦ ਸਹਿਤ)


# ਨਿਸ਼ਕਾਮ ਵਜ਼ੀਫੇ 1998 ਅਤੇ 1999

## NISHKAM TALENT SEARCH & SUPPORT PROGRAMME

ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:), ਇਕ ਸੇਵਾ ਸੰਸਥਾ, ਚੰਗੇ ਚਾਲ-ਚਲਣ ਵਾਲੇ ਲਾਇਕ/ਲੋੜਵੰਦ ਬੱਚਿਆਂ (ਸ਼ਰਾਬ, ਸਿਗਰਟ ਤੇ ਹੋਰ ਨਸ਼ੇ ਨਾ ਕਰਨ ਵਾਲੇ), ਜਿਨ੍ਹਾਂ ਨੇ ਦਿੱਲੀ, ਚੰਡੀਗੜ੍ਹ, ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਜਾਂ ਜੰਮੂ ਅਤੇ ਕਸ਼ਮੀਰ ਤੋਂ 1998 ਵਿਚ ਬਾਰਵੀਂ ਘੱਟੋ-ਘੱਟ 50% ਨੰਬਰਾਂ ਨਾਲ ਪਾਸ ਕੀਤੀ ਹੋਵੇ ਜਾਂ 1999 ਵਿਚ ਬਾਰਵੀਂ ਦਾ ਇਮਤਿਹਾਨ ਦੇ ਰਹੇ ਹੋਣ, ਕੋਲੋਂ ਉਚੇਰੀ ਵਿੱਦਿਆ ਲਈ 250/- ਰੁਪਏ ਤੋਂ 1000/- ਰੁਪਏ ਮਹੀਨੇ ਦੇ ਵਜ਼ੀਫੇ ਦੇਣ ਲਈ, ਅਰਜੀਆਂ ਦੀ ਮੰਗ ਕਰਦੀ ਹੈ। ਪਰਿਵਾਰ ਦੀ ਆਮਦਨ 20000/- ਰੁਪਏ ਮਹੀਨੇ ਤੋਂ ਵਧ ਨਹੀਂ ਹੋਣੀ ਚਾਹੀਦੀ। ਵਜ਼ੀਫੇ PUNJABI, RELIGIOUS & MORAL STUDIES GENERAL ENGLISH, GENERAL AWARENESS MENTAL ABILITY & SCIENCE/ COMMERCE/ ARTS ਦਾ ਟੈਸਟ ਅਤੇ ਇੰਟਰਵਿਊ ਲੈਣ ਤੋਂ ਬਾਅਦ ਦਿਤੇ ਜਾਣਗੇ। ਟੈਸਟ 9 ਮਈ, 1999 ਨੂੰ ਹੋਵੇਗਾ। ਫ਼ਰੀ ਅਰਜ਼ੀ ਦਾ ਫਾਰਮ ਤੇ ਹੋਰ ਵੇਰਵਾ ਕੌਂਸਲ ਦੇ ਦਫਤਰ ਬੀ ਬਲਾਕ, ਤਿਲਕ ਵਿਹਾਰ, ਨਵੀਂ ਦਿਲੀ-110018 (ਫੋਨ: 5412601, 5101848) ਤੋਂ 15 ਮਾਰਚ, 1999 ਤਕ ਲਿਆ ਜਾ ਸਕਦਾ ਹੈ।




www.AKJ.Org

# ਖਾਲਸੇ ਦੀ ਸਿਰਜਨਾ-ਤੀਜੀ ਸ਼ਤਾਬਦੀ ੧੯੯੯ਕਿਵੇਂ ਮਨਾਈਏ ?

(ਭਾਈ ਪ੍ਰਭਦਿਆਲ ਸਿੰਘ ਜੀ )

ਅੱਜ ਜਦੋਂ ਸਮੁੱਚੀ ਸਿੱਖ ਕੌਮ ਖਾਲਸੇ ਦਾ 300 ਸਾਲਾ ਦਿਵਸ/ਸਾਲ ੧੯੯੯ ਨੂੰ ਮਨਾਣ ਲਈ ਜੰਗੀ ਪੱਧਰ ਤੇ ਤਿਆਰੀਆਂ ਕਰ ਰਹੀ ਹੈ, ਇਹ ਜ਼ਰੂਰੀ ਬਣ ਜਾਂਦਾ ਹੈ ਕਿ ਬੁਧੀ ਜੀਵੀ ਆਪਣੇ ਕੀਮਤੀ ਵਿਚਾਰ-ਸੇਵਾ ਜਥੇਬੰਦੀਆਂ ਅਤੇ ਸੰਗਤਾਂ ਨੂੰ ਦੇਣ ਤਾਂ ਜੋ ਸਮੁੱਚੀ ਮਨੁੱਖਤਾ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਮਨੁੱਖਤਾ ਨੂੰ ਦੇਣ ਪ੍ਰਾਪਤ ਹੋ ਸਕੇ।

ਜਿਸ ਤਰ੍ਹਾਂ ਪਹਿਲੀਆਂ ਕਈ ਸ਼ਤਾਬਦੀਆਂ ਅਸੀਂ ਮਨਾ ਚੁਕੇ ਹਾਂ ਅਤੇ ਵੱਡੇ ਵੱਡੇ ਮਾਰਕੇ ਦੇ ਕੇ ਯਾਦਗਾਰਾਂ ਬਣਾਈਆਂ ਪਰ ਕੀ ਅਸੀਂ ਇਮਾਨਦਾਰੀ ਨਾਲ ਆਖ ਸਕਦੇ ਹਾਂ ਕਿ ਅਸੀਂ ਸਾਰੀ ਮਨੁੱਖਤਾ ਦੇ ਭਲੇ ਲਈ ਕੋਈ ਸਦੀਵੀ ਯਾਦਗਾਰ ਜੋ ਗੁਰੂ ਸਾਹਿਬਾਂ ਨੇ ਮਨੁੱਖਤਾ ਲਈ ਦਿੱਤੀ, ਕੀ ਅਸੀਂ ਪ੍ਰਚਾਰੀ ਹੈ ਜਾਂ ਕਿਸੇ ਹੋਰ ਧਰਮਾਂ ਦੇ ਮਨੁੱਖਾਂ ਨੇ ਅਪਣਾਈ ਹੈ। ਇਹ ਅਸੀਂ ਜ਼ਰੂਰ ਮੰਨਦੇ ਹਾਂ ਕਿਉਂਕਿ ਕਿ ਜੋ ਹਸ਼ਰ ਸਿੱਖ ਬੱਚਿਆਂ ਦਾ ਹੋਇਆ ਹੈ ਜੋ ਨੌਜਵਾਨ ਪਨੀਰੀ ਖਾਸ ਕਰਕੇ ਅਤੇ ਆਮ ਸਿੱਖ ਆਪਣੇ ਧਰਮ ਤੋਂ ਬੇਮੁਖ ਹੋਇਆ ਹੈ, ਇਸ ਦੀ ਜ਼ਿੰਮੇਵਾਰੀ ਤੋਂ ਅਸੀਂ ਤੇ ਸਾਡੇ ਧਾਰਮਕ ਨੇਤਾ ਬਚ ਨਹੀਂ ਸਕਦੇ, ਅਸੀਂ ਤਾਂ ਮਨੁੱਖਤਾ ਦੀ ਸ਼ਾਂਤੀ ਦੇ ਪੁਜਾਰੀ ਹਾਂ ਪਰ ਸਿੱਖ ਸੰਗਤਾਂ ਵਿਚ ਵੀ ਸ਼ਾਂਤੀ ਸਹਿਯੋਗ ਤੇ ਸੇਵਾ ਭਾਵ ਨਹੀਂ ਭਰ ਸਕੇ। ਕੇਵਲ ਦਿਖਾਵੇ ਦਾ ਤਾਂ ਬਹੁਤ ਕੁਝ ਹੈ ਜਿਸ ਨਾਲ ਮਨੁੱਖਤਾ ਦਾ ਕੁਝ ਸਵਰ ਨਹੀਂ ਸਕਦਾ।

ਕਹਿੰਦੇ ਨੇ ਡੁਲ੍ਹੇ ਦਾ ਕੁਝ ਨਹੀਂ ਵਿਗੜਦਾ ਹਾਲੇ ਵੀ ਸਮਾਂ ਹੈ, ਅਸੀਂ ਸੋਚ ਵਿਚਾਰ ਕੇ ਇਕਾਗਰਤਾ ਨਾਲ ਸਤਿ ਗੁਰੂਆਂ ਤੋਂ ਅਤੇ ਪੰਥ ਦਰਦੀਆਂ ਤੋਂ ਅਗਵਾਈ ਪ੍ਰਾਪਤ ਕਰਕੇ ਕੋਈ ਉੱਦਮ ਕਰ ਸਕਦੇ ਹਾਂ ਤਾਂ ਜੋ ਗੁਰੂਆਂ ਵਲੋਂ ਅਪਣਾਏ ਗਏ ਸੁਨਹਿਰੀ ਅਸਲੂ ਅਤੇ ਅਮਲੀ ਜੀਵਨ ਤੋਂ ਆਪ ਅਗਵਾਈ ਪ੍ਰਾਪਤ ਕਰੀਏ ਤੇ ਮਨੁੱਖਤਾ ਨੂੰ ਜਾਣਕਾਰੀ ਦੇ ਕੇ ਇਸ ਸ਼ਤਾਬਦੀ ਨੂੰ ਵੱਖਰੇ ਢੰਗ, ਅਮਾਨੀ ਉੱਦਮ ਅਤੇ ਸੱਚੇ ਸੁੱਚੇ ਹਿਰਦੇ ਨਾਲ ਦਿਲੋਂ ਮਨਾਈਏ।

ਕੀ ਅਸੀਂ ਜਾਣਦੇ ਹਾਂ ਕਿ ਹੁਣ ਦੀ ਲੋਕ ਸੇਵਾ (Red Cross) ਰੈਡ ਕਰਾਸ ਵਰਗੀ ਸੰਸਥਾ ਜੋ ਜਗਤ ਪ੍ਰਸਿੱਧ ਹੈ, ਇਸ ਦੀ ਦੇਣ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਨੂੰ ੩੦੦ ਸਾਲ ਪਹਿਲੇ ਦਿੱਤੀ। ਕੀ ਅਸੀਂ ਪ੍ਰਚਾਰਿਆ, ਅਪਨਾਇਆ ਜਾਂ ਇਸ ਸੇਵਾ ਨੂੰ ਵੰਡਿਆ ਹੈ ? ਸਾਨੂੰ ਤਾਂ ਆਪ ਨੂੰ ਹੀ ਨਹੀਂ ਪਤਾ ਕਿ ਕਿਸੇ ਨੂੰ ਦੱਸੀਏ।

ਅੱਜ ਦੀ ਸਾਰੇ ਦੇਸ਼ਾਂ ਦੀ ਸਾਂਝੀ ਸੰਸਥਾ (U.N.O.) ਯੂ. ਐਨ. ਓ. ਜਿਸ ਬਾਰੇ ਅਸੀਂ ਜਾਣਦੇ ਹਾਂ ਕਿ ਛੋਟੇ ਤੋਂ ਛੋਟਾ ਦੇਸ਼ ਆਪਣੇ ਦੁਖ-ਗਰੀਬੀ ਲੋੜ ਲਈ ਪੁਕਾਰ ਕਰ ਸਕਦਾ ਹੈ। ਕੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੇ ਸਿਰਜਨਹਾਰ ਨੇ ਇਹ ਅਸੂਲ ਮਨੁੱਖਤਾ ਨੂੰ ਨਹੀਂ ਦਿੱਤੇ ? ਨਾ ਡਰਨਾ ਤੇ ਨਾ ਹੀ ਕਿਸੇ ਨੂੰ ਡਰਾਨਾ। ਇਸ ਨੂੰ ਅਮਲੀ ਜੀਵਨ ਵਿਚ ਢਾਲਿਆ ਤੇ ਕਿਸੇ ਇਕ ਲੜਾਈ ਵਿਚ ਪਹਿਲ ਨਹੀਂ ਕੀਤੀ, ਸਗੋਂ ਮਨੁੱਖਤਾ ਨੂੰ ਇਹ ਦ੍ਰਿੜ੍ਹਤਾ ਨਾਲ ਕਿਹਾ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ, ਹਲਾਲ ਅਸਤ ਬੁਰਦਨ ਬਾ-ਸ਼ਮਸ਼ੀਰ ਦਸਤ ਭਾਵ ਕਿ ਜ਼ੁਲਮ ਨੂੰ ਠਲ ਪਾਣ ਲਈ-ਮਨੁੱਖ ਦੇ ਭਲੇ ਲਈ ਅਤੇ ਸਿਰ ਉੱਚਾ ਕਰਕੇ ਜੀਣ ਲਈ ਜਦੋਂ ਪਿਆਰ ਤੇ ਗੱਲਬਾਤ ਦੇ ਸਾਰੇ ਸਾਧਨ ਬੇ-ਅਸਰ ਹੋ ਜਾਣ ਤਾਂ ਵੈਰੀ ਨੂੰ ਸਬਕ ਸਿਖਾਣ ਲਈ ਉਸ ਨੂੰ ਜ਼ੁਲਮ ਕਰਨੋਂ ਰੋਕਣ ਲਈ ਤਲਵਾਰ/ਹਥਿਆਰ ਤੇ ਹੱਥ ਰੱਖਣਾ ਬਿਲਕੁਲ ਜਾਇਜ਼ ਹੈ। ਪਰ ਅਫਸੋਸ ਇਨ੍ਹਾਂ ਉਪਦੇਸ਼ਾਂ ਤੋਂ ਅਣਜਾਣ ਲੋਕ ਤੇ ਸਰਕਾਰਾਂ ਜ਼ਰ-ਜੋਰੂ-ਜ਼ਮੀਨ ਅਹੰਕਾਰ ਦੀ ਖ਼ਾਤਰ ਆਪਣੀ ਧੌਂਸ ਦੂਜਿਆਂ ਤੇ ਜਮਾਣ ਲਈ, ਅਪਣੀ ਤਾਕਤ ਹਉਮੈ ਤੇ ਵੱਡਪਣ ਦਾ ਦਿਖਾਵਾ ਕਰਨ ਵਿਚ ਆਪਣੀ ਤਾਕਤ ਅਜਾਈਂ ਗਵਾ ਰਹੀਆਂ ਹਨ। ਇਕ ਹੰਕਾਰ ਭਰਿਆ ਬਟਨ ਜਦ ਮਨੁੱਖਤਾ ਦੀ ਤਬਾਹੀ ਕਰ ਸਕਦਾ ਹੈ ਅਤੇ ਪਿਆਰ ਅਤੇ ਸੇਵਾ ਭਾਰਆ ਹਿਰਦਾ ਤੇ ਹੱਥ ਮਨੁੱਖਤਾ ਦੇ ਹੁੰਦੇ ਘਾਣ ਨੂੰ ਬਚਾ ਸਕਦਾ।

ਕੀ ਅਸੀਂ ਜਾਣਦੇ ਹਾਂ ਕਿ ਖਾਲਸਾ ਜੋ ਕਿ ਇਕ ਸੇਵਾ ਭਾਵ ਵਾਲੀ ਮਨੁੱਖਤਾ ਦੇ ਭਲੇ ਲਈ ਜਥੇਬੰਦੀ ਹੈ ਜਿਸ ਵਿਚ ਜਾਤ ਦਾ। ਰੰਗਾ ਦਾ ਗਰੀਬੀ ਤੇ ਅਮੀਰੀ ਦਾ ਭੇਦ-ਭਾਵ ਨਹੀਂ, ਜਿਸ ਵਿਚ ਪ੍ਰਭੂ



www.AKJ.Org

ਦੀ ਲੋਕਾਈ ਨਾਲ ਪਿਆਰ, ਸੇਵਾ ਕਰਨ ਦੇ ਸੁਨਹਿਰੀ ਅਪਨਾਏ ਜਾਣ ਵਾਲੇ ਅਸੂਲਾਂ ਦਾ ਖ਼ਜ਼ਾਨਾ ਹੈ। ਕੀ ਅਸੀਂ ਜਾਣਦੇ ਹਾਂ ਕਿ ਅੱਜ ਏਡਜ਼ ਨਸ਼ੇ ਅਤੇ ਹੋਰ ਆਉਣ ਵਾਲੀਆਂ ਬਿਮਾਰੀਆਂ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਗਾਂਹੂ ਸੁਚੇਤ ਕੀਤਾ ਅਤੇ ਮਨੁੱਖਤਾ ਨੂੰ ਇਨ੍ਹਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਅਤੇ ਤਾੜਨਾ ਕੀਤੀ ਕਿ ਉਹ ਮਨੁੱਖ ਜੋ ਕੁਤਾਹੀ ਕਰਦਾ ਹੈ ਉਹ ਧਰਮ ਤੋਂ ਗਿਰਿਆ ਹੋਇਆ ਹੈ, ਉਸ ਨਾਲ ਕੋਈ ਹੋਰ ਵਰਤੋਂ ਵਰਤਾਣ (ਰੋਟੀ ਬੇਟੀ ਦੀ ਸਾਂਝ) ਨਾ ਕਰੇ। ਇਹ ਕਿੰਨੀ ਭਾਰੀ ਸਜ਼ਾ ਹੈ ਕਿ ਕਿਸੇ ਨੂੰ ਇਸ ਜਥੇਬੰਦੀ ਵਿਚ ਵਿਚਰਨ ਤੋਂ ਮਨਾਹੀ ਹੋ ਜਾਵੇ।

ਮਨੁੱਖਤਾ ਦੇ ਸਿਰਜਨਹਾਰ ਨੂੰ ਹਮੇਸ਼ਾ ਯਾਦ ਰੱਖਣਾ ਅਤੇ ਮਨੁੱਖਤਾ ਦੇ ਭਲੇ ਲਈ ਹਰ ਵੇਲੇ ਤਤਪਰ ਰਹਿਣਾ, ਕੀ ਅਸੀਂ ਆਪਣੇ ਜੀਵਨ ਵਿਚ ਢਾਲਿਆ ਹੈ।

ਕੀ ਸਾਨੂੰ ਪਤਾ ਹੈ ਕਿ ਉਹ ਲੋਕ ਜੋ ਦੁਕਾਰੇ ਹੋਏ, ਸਿਰ ਨੀਵਾਂ ਕਰਕੇ ਉੱਚ ਜਾਤੀਆਂ ਦੀਆਂ ਵੰਗਾਰਾਂ ਕਰਦੇ ਹੋਏ ਸਦੀਆਂ ਤੋਂ ਲਿਤਾੜੇ ਹੋਏ ਕਦੇ ਸੋਚ ਵੀ ਨਹੀਂ ਸਨ ਸਕਦੇ ਕਿ ਉਹ ਕਿਤੇ ਸਿਰਦਾਰ ਜੱਥੇ ਦਾਰ, ਫੌਜੀ ਜਰਨੈਲ ਅਤੇ ਇਨ੍ਹੇ ਮਾਣ ਵਾਲਾ ਜੀਵਨ ਪ੍ਰਾਪਤ ਕਰ ਸਕਣ, ਕਿ ਉੱਚ ਜਾਤਾਂ ਵਾਲੇ ਲੋਕ ਉਨ੍ਹਾਂ ਨੂੰ ਸਲਾਮਾਂ ਕਰਨ। ਇਹ ਰੂਹ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਫੂਕੀ। ਇਸ ਤੋਂ ਪਹਿਲੇ ਕਿਸੇ ਧਾਰਮਕ ਨੇਤਾ ਨੂੰ ਇਹ ਖ਼ਿਆਲ ਤਕ ਹੀ ਨਹੀਂ ਆਇਆ ਕਿ ਸੂਦਰ ਤੇ ਵੈਸ਼ ਜਾਤੀ ਨੂੰ ਉਚਾ ਚੁੱਕ ਕੇ ਉਨ੍ਹਾਂ ਨੂੰ ਬਹਾਦਰ ਤੇ ਜਰਨੈਲ ਬਣਾ ਕੇ ਮਨੁੱਖਤਾ ਦੀ ਅਗਵਾਈ ਕਰਨ ਦੇ ਕਾਬਲ ਬਣਾ ਦੇਣਾ। ਫਿਰ ਇਹ ਵਿਸ਼ਵਾਸ ਭਰਨਾਂ ਕਿ ਭਾਵੇਂ ਦੁਸ਼ਮਣ ਕਿੰਨਾ ਹੀ ਤਾਕਤਵਰ ਜਾਂ ਜ਼ਾਲਮ ਕਿਉਂ ਨਾ ਹੋਵੇ, ਉਸ ਨੂੰ ਸਬਕ ਸਿਖਾਣਾ ਉਸ ਨੂੰ ਜ਼ੁਲਮ ਕਰਨ ਤੋਂ ਠਲ ਪਾਣ ਲਈ ਆਪਣੇ ਆਪ ਨੂੰ ਲੱਖਾਂ ਦੇ ਸਾਹਮਣੇ ਪੇਸ਼ ਕਰਨਾ ਵੀ ਧਰਮ ਹੈ। ਇਹ ਸਿੱਖਿਆ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ 'ਸਵਾ ਲਾਖ ਦੇ ਏਕ ਲੜਾਊ ਤਬੇ ਗੋਬਿੰਦ ਸਿੰਘ ਨਾਮ ਕਹਾਊ।'

ਇਨ ਗਰੀਬ ਸਿਖਨ ਕੋ 'ਦੇਊ' ਪਾਤਸ਼ਾਹੀ ਯਾਦ ਕਰੇ ਹਮਰੀ ਗੁਰਿਆਈ।

ਅੱਜ ਲੋੜ ਹੈ ਕਿ ਅਸੀਂ ਖਾਲਸੇ ਦੇ ਸਿਰਜਨਹਾਰ ਅਤੇ ਮਨੁੱਖਤਾ ਦੇ ਸਿਰਜਨਹਾਰ ਦੇਂ ਉਪਦੇਸ਼ਾਂ ਨੂੰ ਆਪ ਸਮਝੀਏ, ਅਪਨਾਏ ਤੇ ਹੋਰਨਾਂ ਨੂੰ ਪ੍ਰਚਾਰ ਕੇ ਇਸ ਸ਼ਤਾਬਦੀ ਨੂੰ ਅਨੋਖੇ ਢੰਗ ਨਾਲ ਮਨਾ ਕੇ ਖਾਲਸਾ ਅਕਾਲ ਪੁਰਖ ਕੀ ਫੌਜ ਹੋਣ ਦਾ ਸਬੂਤ ਦੇਈਏ ਤਾਂ ਜੋ ਇਹ ਖਾਲਸਾ ਸ਼ਾਂਤੀ ਪਿਆਰ, ਸੇਵਾ, ਬਹਾਦਰੀ, ਨਿਸ਼ਕਾਮਤਾ ਦੇ ਉਪਦੇਸ਼ਾਂ ਨੂੰ ਧਾਰਨ ਕਰਕੇ ਮਨੁੱਖਤਾ ਦੀ ਭਲਾਈ ਲਈ ਹਰ ਵੇਲੇ ਤਿਆਰ ਰਹੇ ਭਾਵੇਂ ਸਿਰ ਤਲੀ ਤੇ ਕਿਉਂ ਨਾ ਰੱਖਣਾ ਪਵੇ।

ਇਹ ਤਾਂ ਰਾਹ ਹੀ ਪਿਆਰ ਦਾ ਹੈ ਜਿਸ ਨਾਲ ਪ੍ਰਮਾਤਮਾ ਹਮੇਸ਼ਾ ਆਪਣੀ ਪਿਆਰ ਭਰੀ ਬਖਸ਼ਸ਼ ਕਰਦਾ ਹੀ ਰਹਿੰਦਾ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ।

■ ■ ■ ■ ■

## ਮੌਜਾਂ ਲੁੱਟੇਗਾ

(ਭਾਈ ਤੇਗ ਬਹਾਦਰ ਸਿੰਘ ਤੇਗ)

ਪੂਰਬਲੇ ਕਰਮਾਂ ਦਾ ਅੰਕੁਰ ਜਦ ਫੁੱਟੇਗਾ।
ਉਦੋਂ ਹੀ ਬੰਦਾ ਨਾਮੁ ਬਾਣੀ ਵੱਲ ਜੁੱਟੇਗਾ।

ਗੁਰਮੁਖ ਤੇ ਮਨਮੁਖ 'ਚ ਅੰਤਰ ਹੈ ਲੋਹੜੇ ਦਾ,
ਉਹ ਸਦਾ ਸਚ ਬੋਲੇਗਾ ਉਹ ਐਵੇਂ ਝੱਗ ਸੁਟੇਗਾ।

ਪਹਿਲ ਕਦਮੀਂ ਕਰਨੀ ਪੈਂਦੀ ਹੈ ਦੁਨੀਆਂ ਵਿਚ,
ਮਗਰੋਂ ਤਾਂ ਹਰ ਕੋਈ ਕਦਮ ਮਿਲਾਕੇ ਪੁੱਟੇਗਾ।

ਅੰਮ੍ਰਿਤ ਛਕਕੇ ਬੰਦਾ ਦਾਖਲ ਹੁੰਦੇ ਧਰਮ ਵਿਚ,
ਅਧਰਮੀ ਨੂੰ ਤਾਂ ਜਮ ਕੁਟੇਗਾ ਹੀ ਕੁਟੇਗਾ।

ਆਮ ਲੋਕੀਂ ਦੁਨੀਆਂ ਵਿਚ ਭੇਡਾਂ ਵਾਂਗ ਵਿਚਰਦੇ,
ਸੰਤ ਬਣਕੇ ਜਗਤ ਨੂੰ ਠੱਗ ਤਾਂ ਫਿਰ ਲੁਟੇਗਾ।

ਜਿਹੜਾ ਬੰਦਾ ਧਰਮ 'ਚ ਪੱਕਾ ਨਹੀਂ ਹੁੰਦਾ,
ਧਾਰਮਿਕ ਬੰਦਿਆਂ ਤਾਈਂ ਉਹ ਨਿਖੁੱਟੇਗਾ।


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਜਨਵਰੀ ੯੯)

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥
ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮ ਦ੍ਰਿੜਈਆ ॥
ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥੭॥
ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ॥
ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥੮॥
॥੨॥੫॥ (ਬਿਲਾਵਲੁ ਮ: ੪, ਪੰਨਾ ੮੩੪)

ਵਿਆਖਿਆ - ਸ਼ਾਸਤਰ ਬੇਦ ਪੁਰਾਣ ਆਦਿਕ ਆਨਮਤ ਹਿੰਦੂ ਧਰਮ ਦੇ ਪੁਸਤਕ ਇਹ ਸਿਖਛਾ ਦਿੰਦੇ ਹਨ, ਅਤੇ ਪੁਕਾਰਿ ਪੁਕਾਰਿ ਦਿੰਦੇ ਹਨ ਕਿ ਇਹਨਾਂ ਆਨਮਤ ਪੁਸਤਕਾਂ ਦੇ ਲਿਖੇ ਲਿਖਾਏ ਧਰਮ ਅਤੇ ਇਹਨਾਂ ਆਨਮਤ ਪੁਸਤਕਾਂ ਦੇ ਦ੍ਰਿੜ੍ਹਾਏ ਧਰਮ ਦਾ ਤੱਤ-ਸਾਰ ਇਹੀ ਹੈ ਕਿ ਖਟ ਕਰਮ ਕਰਹੁ - (੧) ਵੇਦ ਪੜ੍ਹੋ, (੨) ਵੇਦ ਪੜ੍ਹਾਵਹੁ, (੩) ਯਗ ਕਰਹੁ, (੪) ਯਗ ਕਰਾਵਹੁ, (੫) ਦਾਨ ਕਰੋ, (੬) ਦਾਨ ਕਰਾਵਹੁ। ਇਹੀ ਛੇ ਕਰਮ ਇਹਨਾਂ ਪੁਸਤਕਾਂ ਵਿਚਿ ਲਿਖਿਆ ਧਰਮ ਦ੍ਰਿੜ੍ਹਾਉਂਦਾ ਹੈ। ਪਰ ਇਹ ਸਭ ਪਾਖੰਡ ਕਰਮ ਹਨ। ਜੋ ਬੇਦ ਪੁਰਾਣ ਸ਼ਾਸਤ੍ਰ ਪੜ੍ਹਨਹਾਰੇ ਅਤੇ ਇਹਨਾਂ ਪਰ ਅਮਲ ਕਰਨਹਾਰੇ ਕੁਛ ਤਾਂ ਪਹਿਲਾਂ ਹੀ ਮਨਮੁਖ ਹੁੰਦੇ ਹਨ, ਇਹਨਾਂ ਨੂੰ ਪੜ੍ਹ ਕੇ ਪੱਕੇ ਪਾਖੰਡੀ ਅਤੇ ਹੋਰ ਮਨਮੁਖ ਹੋ ਜਾਂਦੇ ਹਨ। ਪਾਖੰਡ ਭਰਮ ਵਿਚਿ ਵਿਗੁਚ ਕੇ ਲੋਭ-ਲਹਿਰ ਵਿਚਿ ਭੁਲਾਏ ਹਲਕਾਏ ਰਹਿੰਦੇ ਹਨ। ਜਿਸ ਲੋਭ-ਲਹਿਰ ਦੇ ਭਾਰ ਨਾਲਿ ਉਹਨਾਂ ਦੇ ਕਰਮ ਧਰਮ ਦੀ ਕਿਸ਼ਤੀ ਮੰਝਧਾਰ ਵਿਚਿ ਗੋਤੇ ਖਾ ਕੇ ਡੁਬ ਜਾਂਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਭਵ ਸਾਗਰ ਤੋਂ ਪਾਰ ਉਤਰਨ ਲਈ ਗੁਰਮਤਿ ਨਾਮ ਦੇ ਜਾਪ ਅਭਿਆਸ ਦੀ ਟੇਕ ਲੈਣੀ ਹੀ ਉਚਿਤ ਹੈ। ਨਾਮ ਦ੍ਰਿੜ੍ਹ ਹੋ ਜਾਵੇ ਤਾਂ ਏਦੂੰ ਵਧ ਕੇ ਹੋਰ ਬੇਦ ਸਿਮ੍ਰਿਤਿ ਸ਼ਾਸਤ੍ਰ ਕੋਈ ਨਹੀਂ। ਗੁਰਮਤਿ ਅਨੁਸਾਰ ਨਾਮ ਹੀ ਬੇਦੁ ਹੈ, ਨਾਮ ਹੀ ਸਿਮ੍ਰਿਤਿ ਸ਼ਾਸਤ੍ਰ ਹੈ। ਬਸ, ਇਹੀ ਇਕੋ ਨਾਮ ਹੀ ਜਗਿਆਸੂ ਜਨਾਂ ਦੇ ਹਿਰਦੇ ਵਿਚਿ ਹੋਣਾ ਚਾਹੀਦਾ ਹੈ। ਇਸ ਨਾਮ ਦਾ ਪਰਚਾ ਗੁਰਦੀਖਿਆ ਦੁਆਰਾ (ਪੰਜਾਂ ਗੁਰਮਖਿ ਪਿਆਰਿਆਂ ਦੇ ਰਾਹੀਂ ਨਾਮ ਦ੍ਰਿੜ੍ਹਾਵਨ ਕਰਕੇ) ਪੈਂਦਾ ਹੈ। ਨਾਮ ਦੇ ਇਸ ਗੁਰਮੁਖ ਪਰਚੇ ਪਏ ਤੇ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਇਹ ਜਗੁ ਵਰਨ ਰੂਪ ਸਭ ਵਾਹਿਗੁਰੂ ਦਾ ਹੀ ਕੀਤਾ (ਸਾਜਿਆ) ਹੋਇਆ ਹੈ। ਵਾਹਿਗੁਰੂ ਦੀ ਰਜ਼ਾ ਹੁਕਮ ਅਨੁਸਾਰ ਹੀ ਸਭ ਜੀਆ ਜੰਤ ਆਹਰਾਂ ਵਿਚਿ ਲਗੇ ਹੋਏ ਹਨ। ਜਿਸ ਤੋਂ ਜਿਸ ਕਰਮ ਨੂੰ ਕਰਾਉਣਾ ਰਜ਼ਾਇਤ ਹੁੰਦਾ ਹੈ ਸੋਈ ਕਰਮ ਤਿਸ ਤੋਂ ਕਰਾਇਆ ਜਾਂਦਾ ਹੈ ਧੁਰ ਲਿਖੀ ਹੁਕਮੀ ਨੇਤ ਇਹੀ ਹੈ। ਪਾਖੰਡੀਆਂ ਤੋਂ ਪਾਖੰਡ ਕਰਮ ਹੀ ਹੁੰਦੇ ਹਨ। ਮਨਮੁਖਾਂ ਤੋਂ ਮਨਮੁਖੀ ਕਰਮ ਹੁੰਦੇ ਹਨ। ਦੂਜੇ ਏਦੂੰ ਉਲਟ ਕਰਮ ਹੋ ਹੀ ਨਹੀਂ ਸਕਦੇ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੇ ਕੀਤੇ ਜੀਅ ਜੰਤ ਉਸ ਦੇ ਨਚਾਏ ਹੀ ਨਚਦੇ ਹਨ। ਤੰਤ ਡੋਰੀ ਉਸਦੇ, ਕਰਮ ਬਿਧਾਤੇ ਦੇ ਹਥਿ ਹੈ। ਜਿਸ ਰਾਹ ਮਾਰਗ ਤੇ ਵਾਹਿਗੁਰੂ ਨੇ ਕਿਸੇ ਨੂੰ ਚਲਾਉਣਾ ਮਿਥਿਆ ਹੈ ਤਿਸ ਰਾਹ ਤੇ ਉਹ ਚਲਦਾ ਹੈ। ਹੁਕਮ ਰਜ਼ਾ ਦੀ ਖੇਡ ਹੀ ਐਸੀ ਹੈ। ਪੂਰਬਲੇ ਕਰਮਾਂ ਦਾ ਲੇਖਾ ਵੀਚਾਰ ਕੇ ਜੰਤ ਤੋਂ ਕਰਮ ਕਰਾਏ ਜਾਂਦੇ ਹਨ। ਜੋ ਪੂਰਨ ਇਨਸਾਫ਼ ਹੈ। ਸਜ਼ਾਵੀ ਜਜ਼ਾਵੀ ਕਰਮ ਕਰਾਏ ਬਾਝੋਂ ਛੁਟਕਾਰਾ ਹੁੰਦਾ ਹੀ ਨਹੀਂ। ਮਨਮੁਖਾਂ ਨੂੰ ਆਪਣੀ ਕਰਨੀ ਦਾ ਫਲ ਕੂੜ ਕਰਮਾਂ ਵਿਚਿ ਹੀ ਭੁਗਤਾਉਂਦਾ ਹੈ–

ਛਨਿਛਰਵਾਰਿ ਸਉਣ ਸਾਸਤ ਬੀਚਾਰੁ॥ ਹਉਮੈ ਮੇਰਾ ਭਰਮੈ ਸੰਸਾਰੁ ॥
ਮਨਮੁਖੁ ਅੰਧਾ ਦੂਜੈ ਭਾਇ॥ ਜਮ ਦਰਿ ਬਾਧਾ ਚੋਟਾ ਖਾਇ.... ॥੮॥ (੧੦॥੧)
(ਬਿਲਾਵਲੁ ਮ: ੩, ਵਾਰ ਸਤ, ਪੰਨਾ ੮੪੧)

ਛਨਿਛਰਵਾਰਿ ਸਗਨ ਸ਼ਾਸਤ੍ਰੀ ਵੀਚਾਰ ਸਭ ਮਨਮੁਖਾਂ ਦਾ ਕਰਮ ਹੈ। ਭਾਵ ਸ਼ਾਸਤ੍ਰ ਵਾਚਣਾ ਵੀਚਾਰਨਾ


www.AKJ.Org

ਕਿ ਕਿਹੜਾ ਕਰਮ ਕਰਨ ਜੋਗ ਹੈ ਅਤੇ ਕਿਹੜਾ ਚੰਗਾ ਕਰਮ ਹੈ ਅਤੇ ਸਗਨ ਵੇਖਣਾ ਕਿ ਕਿਹੜਾ ਸਮਾ ਉਸ ਕਰਮ ਕਰਨ ਲਈ ਉਚਿਤ ਹੈ, ਇਹ ਨਿਰਾ ਭਰਮ ਅਤੇ ਕੂੜਾਵਾ ਹੰਕਾਰ ਹੀ ਹੈ, ਜਿਸ ਵਿਚਿ ਸਾਰਾ ਸੰਸਾਰ ਰੁੜ੍ਹਿਆ ਜਾਂਦਾ ਹੈ। ਬਹੁਤਾ ਮਨਮੁਖ ਰੁੜ੍ਹਦੇ ਹਨ। ਸੰਸਾਰ ਹੈ ਹੀ ਮਨਮੁਖਾਂ ਦਾ ਭਰਿਆ ਹੋਇਆ। ਅੰਧਾ ਮਨਮੁਖ ਸੰਸਾਰ ਦੂਜੇ ਭਾਇ ਦੇ ਕਰਮ ਹੀ ਕਮਾਉਂਦਾ ਹੈ। ਨਤੀਜਾ ਇਹ ਕਿ ਜਮ-ਦਰਿ ਬਾਧਾ ਚੋਟਾਂ ਖਾਂਦਾ ਹੈ, ਇਹ ਮਨਮੁਖਿ ਕਰਮਾਂ ਦਾ ਸਿੱਟਾ ਹੈ। ਮਨਮੁਖਾਂ ਦੇ ਮਨਿ ਹਠਿ ਕਰਮ ਕਮਾਏ ਥਾਇ ਨਹੀਂ ਪੈਂਦੇ। ਯਥਾ ਗੁਰਵਾਕ-

ਮਨ ਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥੧॥ (੨)

(ਸਲੋਕ ਮ: ੩, ਬਿਲਾਵਲ ਕੀ ਵਾਰ, ਪੰਨਾ ੮੪੯)

ਗੁਰਮੁਖ ਸਾਧ ਸੰਗਤ ਤੋਂ ਬਿਹੂਨੜਿਆਂ ਮਨਮੁਖਾਂ ਦੇ ਕਰਮ ਕੀਤੇ ਹੋਏ ਨਿਸਫਲ ਹਨ। ਯਥਾ ਗੁਰਵਾਕ-

ਸਾਧ ਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ॥
ਕੋਮਲ ਬੰਧਨ ਬਾਧੀਆ ਨਾਨਕ ਕਰਮਹਿ ਲੇਖ ॥੧॥

(ਰਾਮਕਲੀ ਮ: ੫, ਰੁਤੀ, ਸਲੋਕ ਛੰਤ ੩, ਪੰਨਾ ੯੨੮)

ਭਾਵ- ਗੁਰੂ ਘਰ ਦੀ ਸਾਧ ਸੰਗਤਿ ਤੋਂ ਵਿਛੜਿਆਂ ਹੋਇਆਂ ਬੇਮੁਖੀ ਮਨਮੁਖਾਂ ਦਾ ਇਹ ਹਾਲ ਹੁੰਦਾ ਹੈ। ਗੁਰਮਤਿ ਦੀ ਗੁਰਮੁਖਤਾ ਵਾਲੀ ਅਗਵਾਈ ਨਾ ਹੋਣ ਕਰਕੇ ਮਨਮੁਖੀ ਮਾਨੁਖ ਮਨ-ਉਕਤ ਕਰਮ-ਕਾਂਡਾ ਵਿਚਿ ਪਿਆ ਹੋਇਆ ਵਾਹਿਗੁਰੂ ਦੀ ਹਜ਼ੂਰੀ ਤੋਂ ਦੂਰ ਭਟਕਦਾ ਭਰਮਦਾ ਫਿਰਦਾ ਹੈ। ਚਾਹੇ ਅਨੇਕਾਂ ਕਰਮ ਕਰੇ ਪਰ ਉਸ ਨੂੰ ਸਾਂਤਿ ਨਹੀਂ ਆਉਂਦੀ। ਮੋਹ ਮਾਇਆ ਦੇ ਕੋਮਲ ਬੰਧਨਾਂ ਵਿਚਿ ਬੰਧਿਆ ਹੋਇਆ ਮਨਮੁਖ ਜਕੜਿਆ ਹੋਇਆ ਹੀ ਰਹਿੰਦਾ ਹੈ ਅਤੇ ਜਕੜਿਆ ਹੋਇਆ ਹੀ ਮਨਮੁਖੀ ਕਰਮ ਕਮਾਉਂਦਾ ਹੈ। ਮੋਹ ਮਾਇਆ ਦੇ ਬੰਧਨ ਦੇਖਣ ਨੂੰ ਤਾਂ ਮਲੂਕੜੇ ਜਿਹੇ ਬੰਧਨ ਹੀ ਹੁੰਦੇ ਹਨ ਅਤੇ ਕੋਮਲ ਪਰਤੀਤ ਹੁੰਦੇ ਹਨ, ਪਰ ਸੁਆਦਲੇ ਇਹੋ ਜਿਹੇ ਹੁੰਦੇ ਹਨ ਕਿ ਛਡਿ ਹੀ ਨਹੀਂ ਹੁੰਦੇ। ਇਹਨਾਂ ਬੰਧਨਾਂ ਦੀ ਜਕੜੀ ਹੋਈ ਲੁਕਾਈ ਪਈ ਰਸਾਤਲ ਨੂੰ ਧਾਈ ਕਰੀ ਚਲੀ ਜਾਂਦੀ ਹੈ। ਪੂਰਾਂ ਦੇ ਪੂਰ ਇਸ ਬੰਧਨ ਵਿਚਿ ਬੱਧੇ ਹੋਏ ਚੁਰਾਸੀ ਦੇ ਗੇੜ ਵਿਚਿ ਪੈਂਦੇ ਚਲੇ ਆਏ ਹਨ। ਪੈ ਰਹੇ ਹਨ। ਅਤੇ ਪੈਂਦੇ ਰਹਿਣਗੇ। ਇਹਨਾਂ ਕਰਮਾਂ ਦੇ ਮਾਰਿਆਂ ਦੇ ਵਸਿ ਕੁਝ ਨਹੀਂ। ਇਹਨਾਂ ਦੇ ਕਰਮਾਂ ਵਿਚਿ ਹੀ ਇਹੀ ਸਜ਼ਾ ਇਨ੍ਹਾਂ ਨੂੰ ਧੁਰ ਦਰਗਾਹੋਂ ਲਿਖੀ ਹੋਈ ਹੁੰਦੀ ਹੈ। ਇਹ ਪੂਰਾਂ ਦੇ ਪੂਰ ਸਭ ਮਨਮੁਖਾਂ ਦੇ ਹਨ। ਕੋਈ ਵਿਰਲਾ ਗੁਰੂ-ਵਰੋਸਾਇਆ ਗੁਰਮੁਖ ਜਨ ਇਸ ਸ਼੍ਰੇਣੀ ਤੋਂ ਬਚਦਾ ਹੈ। ਨਹੀਂ ਤਾਂ ਸਭਿ ਰਸਾਤਲ ਦੇ ਵਿਚਿ ਹੀ ਡਿਗਦੇ ਹਨ। ਕੈਸੀ ਤਰਸ ਯੋਗ ਦਸ਼ਾ ਹੈ। ਅਗਲਾ ਗੁਰਵਾਕ ਸਾਕਤਾਂ ਮਨਮੁਖਾਂ ਦੀ ਕਰਨੀ ਕਰਤੂਤ ਦਾ ਫਲ ਦਸਦਾ ਹੈ। ਯਥਾ ਗੁਰਵਾਕ –

ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ ॥
ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ ॥੨॥
ਨਿਤ ਨਿਤ ਕਾਇਆ ਮਜਨੁ ਕੀਆ ਨਿਤ ਮਲਿ ਮਲਿ ਦੇਹ ਸਵਾਰੇ ॥
ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ॥੩॥

(੮॥੫) (ਨਟ ਮ: ੪, ਪੰਨਾ ੯੮੨-੩)

ਸੂਚਨਾ - ਸਾਕਤ ਮਨਮੁਖਾਂ ਦੇ ਕਰਮ ਨੀਰ-ਵਿਰਲਣੇ ਕਰਮ ਹਨ। ਜਿਵੇਂ ਪਾਣੀ ਨੂੰ ਰਿੜਕਿਆਂ ਪਾਣੀ ਵਿਚੋਂ ਕੁਛ ਨਹੀਂ ਨਿਕਲਦਾ ਤਿਵੇਂ ਮਨਮੁਖੀ ਕਰਮ ਕੀਤਿਆਂ ਇਹਨਾਂ ਕਰਮਾਂ ਦਾ ਫਲ ਕੁਛ ਭੀ ਨਹੀਂ ਮਿਲਦਾ। ਨਾ ਹੀ ਕੁਛ ਲਾਭ ਹੁੰਦਾ ਹੈ। ਬਸ, ਮਨਮੁਖ ਸਾਕਤ ਲੋਗ ਆਪ-ਹੁਦਰੇ ਕਰਮ ਨਿਤਪ੍ਰਤਿ ਕਮਾਈ ਚਲੇ ਜਾਂਦੇ ਹਨ। ਉਹਨਾਂ ਦੇ ਪਾਣੀ ਦੀ ਝੱਗ ਹੀ ਪਲੇ ਪੈਂਦੀ ਹੈ। ਏਸੇ ਤਰ੍ਹਾਂ ਰੋਜ਼ ਰੋਜ਼ ਜੋ ਸਾਕਤ ਜਨ ਮਨਮੁਖੀ ਕਰਮ ਕਰਦੇ ਹਨ ਸਭ ਪਾਣੀ ਦੇ ਫੋਕਟ ਝੋਲ ਝੋਲਾਇਆਂ ਵਾਂਗੂੰ ਹੀ ਹਨ। ਜੇ ਗੁਰੂ ਘਰ ਦੀ ਸਤਿਸੰਗਤਿ ਉਹਨਾਂ ਨੂੰ ਨਸੀਬ ਹੋ ਜਾਵੇ ਤਾਂ ਗੁਰਮੁਖਾਂ ਦੀ ਸੰਗਤਿ ਨਾਲਿ ਉਹ ਸਿਫਤਿ ਸਾਲਾਹਿ ਸ੍ਰੇਸ਼ਟ ਕਰਮ ਰੂਪੀ ਦੁੱਧ ਰਿੜਕਣਾ ਸਿਖ ਜਾਣ, ਜਿਸ ਦੇ ਰਿੜਕਿਆਂ ਵਿਚੋਂ ਮੱਖਣ ਨਿਕਲ ਸਕਦਾ ਹੈ। ਜਿਸ ਨਾਮ ਰੂਪੀ ਮੱਖਣ ਦਾ ਗਟਾਕ ਰਸ ਚਖ ਉਹ ਬਿਸਮਾਦ ਹੋ ਜਾਣ ਅਤੇ ਜਨਮ ਨੂੰ ਸੰਵਾਰ ਲੈਣ। ਨਾਮ ਦਾ ਸੁਆਸ ਅਭਿਆਸੀ ਬਿਲੋਵਨਾ


www.AKJ.Org

ਬਿਲੋਇ ਕੇ ਤੱਤ ਮਹਾਂ ਰਸ ਅੰਮ੍ਰਿਤ ਦੇ ਗਟਾਕ-ਰਸ ਪੀਣ ਵਾਲੇ ਬਣ ਜਾਣ। ਨਹੀਂ ਤਾਂ ਐਵੇਂ ਫੋਕਟ ਨੀਰ-ਵਿਰੋਲੀਏ, ਕਰਮ ਕਪੋਲੀਏ ਹੀ ਰਹਿ ਜਾਣਗੇ। ਕਾਸ਼ ਕਿ ਇਹਨਾਂ ਮਨਮੁਖੀਆਂ ਨੂੰ ਸੁਮਤਿ ਆਵੇ । ਸਤਿਗੁਰੂ ਨਾਨਕ ਦੇ ਘਰ ਦੀ ਦਾਤਿ ਤੋਂ ਵਰੋਸਾਉਣ, ਸੁੰਞੇ ਨਾ ਰਹਿਣ । ਸਾਰਾ ਮਨਮੁਖੀ ਸੰਸਾਰ ਮਨਮੁਖੀ ਕਰਮਾਂ ਦੇ ਵਹਿਣ ਵਿਚਿ ਰੁੜ੍ਹਿਆ ਚਲਿਆ ਜਾ ਰਿਹਾ ਹੈ। ਫੋਕਟ ਕਰਮਾਂ ਵਿਚਿ ਲਗ ਕੇ ਆਪਣਾ ਰਤਨ ਜਨਮ ਗੰਵਾ ਰਿਹਾ ਹੈ, ਐਵੇਂ ਜੂਏ ਬਾਜੀ ਹਾਰਿ ਰਹਿਆ ਹੈ। ਮਨਮੁਖੀ ਲੋਕ ਮਨਮੁਖੀ ਆਨਮਤ ਤੀਰਥਾਂ ਤੇ ਜਾ ਕੇ ਅਤੇ ਉਥੇ ਹੀ ਰਹਿ ਵਸਿ ਕੇ ਨਿਤਾਪ੍ਰਤਿ ਨ੍ਹਾਉਂਦੇ ਹਨ। ਆਪਣੀ ਦੇਹੀ (ਕਾਂਇਆ) ਨੂੰ ਮਜਨਾਂਵੰਦੇ ਹਨ ਅਤੇ ਮਲ ਮਲ ਕੇ ਧੋਂਦੇ ਹਨ। ਅਤੇ ਧੋ ਸੰਵਾਰ ਕੇ ਸ਼ੀਂਗਾਰਦੇ ਹਨ। ਪਰ ਇਹ ਉਹਨਾਂ ਦੇ ਸਭ ਫੋਕਟ ਸ਼ੀਂਗਾਰ ਹੀ ਹਨ। ਭਾਵੇਂ ਆਪਣੇ ਜਾਣੇ ਇਹੋ ਜਿਹੇ ਸੁੰਦਰ ਸ਼ੀਂਗਾਰ ਹੀ ਹਨ। ਅਤੇ ਧੋ ਸੰਵਾਰ ਕੇ ਸ਼ੀਂਗਾਰਦੇ ਹਨ। ਪਰ ਇਹ ਉਹਨਾਂ ਦੇ ਸਭ ਫੋਕਟ ਸ਼ੀਂਗਾਰ ਕਰ ਕੇ ਉਹ ਆਪਣੇ ਆਪ ਨੂੰ ਸਫਲ ਸਮਝਦੇ ਹਨ ਤੇ ਉਹਨਾਂ ਨੂੰ ਸਤਿਗੁਰੂ ਨਾਨਕ ਸਾਹਿਬ ਦੇ ਬਚਨ ਨਹੀਂ ਭਾਵੰਦੇ। ਜੇ ਭਾ ਜਾਣ ਤਾਂ ਉਹਨਾਂ ਦਾ ਭੀ ਨਿਸਤਾਰਾ ਹੋ ਜਾਵੇ। ਪਰ ਮਾੜੀ ਕਿਸਮਤ ਵਾਲੇ ਮਨਮੁਖ ਸਾਕਤ ਪੁਰਸ਼ ਇਸ ਪਾਸੇ ਆਉਂਦੇ ਹੀ ਨਹੀਂ, ਰੁਚੀ ਹੀ ਨਹੀਂ ਫੇਰਦੇ। ਕੁਸੰਗ ਦੀ ਰੁਚੀ, ਸਾਕਤਾਂ ਦੇ ਸੰਗ ਦੀ ਖੁਸ਼ੀ ਹੀ ਉਨ੍ਹਾਂ ਨੂੰ ਬਹੁਤੀ ਭਾਵੰਦੀ ਹੈ।

ਹਉਮੈ ਦੇ ਅਧੀਨ ਹੋ ਕੇ ਜਿਹੜਾ ਕਰਮ ਕੀਤਾ ਜਾਂਦਾ ਹੈ, ਉਹ ਭਾਵੇਂ ਕਰਨਹਾਰੇ ਨੂੰ ਅਤੇ ਹੋਰ ਦੇਖਣਹਾਰੇ ਮਨਮੁਖੀਆਂ ਨੂੰ ਕਿੰਨਾ ਹੀ ਚੰਗਾ ਪ੍ਰਤੀਤ ਹੁੰਦਾ ਹੋਵੇ, ਕਿਸੇ ਭੀ ਕੀਮਤ ਦਾ ਨਹੀਂ ਹੁੰਦਾ। ਇਸ ਪ੍ਰਥਾਇ ਇਹ ਗੁਰ ਪ੍ਰਮਾਣ ਖ਼ੂਬ ਢੁਕਦਾ ਹੈ—

ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ ॥
ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ ॥੧॥
ਅਵਰ ਦਿਨ ਕਾਹੂ ਕਾਜ ਨ ਲਾਏ ॥
ਸੋ ਦਿਨੁ ਮੋ ਕਉ ਦੀਜੈ ਪ੍ਰਭੁ ਜੀਉ ਜਾ ਦਿਨ ਹਰਿ ਜਸੁ ਗਾਏ ॥੧॥ ਰਹਾਉ॥
ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਸਾਰਾ ਇਸ ਹੀ ਮਹਿ ਉਰਝਾਏ ॥
ਮਾਇਆ ਮਦ ਚਾਖਿ ਭਏ ਉਦਮਾਤੇ ਹਰਿ ਹਰਿ ਕਬਹੂ ਨ ਗਾਏ ॥੨॥
ਇਹ ਬਿਧਿ ਖੋਜੀ ਬਹੁ ਪਰਕਾਰਾ ਬਿਨੁ ਸੰਤਨ ਨਹੀ ਪਾਏ ॥
ਤੁਮ ਦਾਤਾਰ ਵਡੇ ਪ੍ਰਭ ਸੰਮ੍ਰਥ ਮਾਗਨ ਕਉ ਦਾਨੁ ਆਏ ॥੩॥
ਤਿਆਗਿਓ ਸਗਲਾ ਮਾਨੁ ਮਹਤਾ ਦਾਸ ਰੇਣ ਸਰਣਾਏ ॥
ਕਹੁ ਨਾਨਕ ਹਰਿ ਮਿਲਿ ਭਏ ਏਕੈ ਮਹਾ ਅਨੰਦ ਸੁਖ ਪਾਏ ॥੪॥੩॥

(ਮਾਰੂ ਮ: ੫, ਪੰਨਾ ੯੯੯)

ਵਿਆਖਿਆ - ਮਨਮੁਖ ਲੋਗ ਧਨ ਦੌਲਤ ਦੇ ਕਾਰਨ (ਨਮਿਤ) ਬਹੁ ਭਾਂਤ ਕਰਿ ਦੇਸੀਂ ਪਰਦੇਸੀਂ ਭਰਮਦੇ ਫਿਰੇ ਅਤੇ ਅਨੇਕਾਂ ਜੁਤਨ ਕਰ ਕਰ ਕੇ ਧਾਵੰਦੇ ਫਿਰੇ। ਅਤੇ ਅਨੇਕਾਂ ਕਰਮ ਕਰਦੇ ਫਿਰੇ। ਪਰ ਇਹ ਸਾਰੇ ਕਰਮ ਉਹਨਾਂ ਮਨਮੁਖਾਂ ਨੇ ਡੂੰਘੇ ਹਉਮੈ ਦੇ ਅਧੀਨ ਹੋ ਕੇ ਹਉਂ ਹਉਂ ਕਰਦਿਆਂ ਨੇ ਕੀਤੇ। ਜਿਸ ਕਰਕੇ ਇਹ ਕੀਤੇ ਕਰਮ ਸਭ ਅਜਾਈਂ ਹੀ ਗਏ। ਕਿਸੇ ਲੇਖੇ ਨ ਲਗੇ। ਸਦਾ ਮਦ-ਮਾਇਆ ਕਾਰਨ ਮੂਰਖ ਅਜਾਣ ਮਨਮੁਖ ਲੋਗ ਹੀ ਧਾਵੰਦੇ ਹਨ। ਹਉਮੈਂ ਦੇ ਅਧੀਨ ਹੋ ਕੇ ਮਨ ਦੀ ਮਰਜ਼ੀ ਨਾਲਿ ਕੀਤੇ ਮਨਮੁਖਾਂ ਦੇ ਕਰਮ ਸਭ ਐਵੇਂ ਅਕਾਰਥ ਹੀ ਜਾਂਦੇ ਹਨ। ਇਹਨਾਂ ਕੰਮਾਂ ਵਿਚ ਲਗਾ ਸਮਾਂ ਭੀ ਐਵੇਂ ਫ਼ਜ਼ੂਲ ਹੀ ਜ਼ਾਇਆ ਹੁੰਦਾ ਹੈ। ਜਿਤਨੇ ਦਿਨ ਮਹੀਨੇ ਵਰ੍ਹੇ ਸਾਲ ਅਜਿਹੇ ਫ਼ਜ਼ੂਲ ਕੰਮਾਂ ਵਿਚਿ ਬਿਤੀਤ ਹੁੰਦੇ ਹਨ, ਸੋ ਦਿਨ ਭੀ ਕਿਸੇ ਲੇਖੇ ਨਹੀਂ ਲਗਦੇ ਸਭ ਅਲੇਖੇ ਹੀ ਬਤੀਤ ਹੁੰਦੇ ਹਨ, ਕਿਸੇ ਕੰਮ ਨਹੀਂ ਆਉਂਦੇ। (ਕਾਹੂ ਕਾਜ ਨ ਲਏ) ਕਿਸੇ ਕਰਨ ਜੋਗ ਕਾਰਜ ਦੇ ਨਮਿਤ ਲੇਖੇ ਨਹੀਂ ਲਗਦੇ। ਲੇਖੇ ਲਗਣ ਵਾਲਾ ਇਕੋ ਕਾਜ ਹੈ, ਵਾਹਿਗੁਰੂ ਦਾ ਜਸ ।

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥ (੨॥੨੯) (ਆਸਾ ਮ: ੫, ਪੰਨਾ ੩੭੮)



www.AKJ.Org

ਹੇ ਵਾਹਿਗੁਰੂ ਸੱਚੇ ਪਾਤਸ਼ਾਹ । ਸਾਨੂੰ ਗੁਰਸਿਖਾਂ ਨੂੰ ਅਜਿਹੇ ਦਿਨ ਸਦ ਸਦੀਵੀ ਦੇਣ ਦੀ ਬਖ਼ਸ਼ਿਸ਼ ਕਰੋ ਕਿ ਦਿਨ ਰਾਤ ਤੇਰੇ ਹੀ ਗੁਣ ਗਾਉਂਦੇ ਰਹੀਏ, ਤੇਰਾ ਜਸ ਹੀ ਉਚਰਦੇ ਰਹੀਏ, ਤੇਰਾ ਨਾਮ ਹੀ ਉਰਿਧਾਰਦੇ ਰਹੀਏ, ਹੋਰ ਕੰਮਾਂ ਕਾਜਾਂ ਵਲ ਸੁਰਤੀ ਹੀ ਨਾ ਦਉੜੇ, ਰੁਚੀ ਹੀ ਨਾ ਜਾਗੇ। ਮਾਇਆ ਦੇ ਮੋਹ ਮਮਤਾ ਦੇ ਜਾਲ ਵਿਚਿ ਉਕੇ ਪਈਏ ਹੀ ਨਾ । ਬਚਾਓ, ਹੇ ਵਾਹਿਗੁਰੂ । ਮੋਹ ਮਮਤਾ ਦੇ ਜਾਲ ਪਸਾਰੇ ਤੋਂ ਬਚਾਓ। ਅਸੀਂ ਪਰਤੱਖ ਦੇਖਦੇ ਹਾਂ ਕਿ ਮਨਮੁਖੀ ਲੋਗ (ਤੇ ਕਈ ਅਨੇਕਾਂ ਸਿਖ ਅਖਾਉਣ ਵਾਲੇ ਲੋਗ ਭੀ) ਗ੍ਰਿਹ ਕੁਟੰਬ ਦੇ ਪਸਾਰੇ ਨੂੰ ਦੇਖ ਕੇ ਇਹਨਾਂ ਦ੍ਰਿਸ਼ਟਮਾਨ ਪਦਾਰਥਾਂ ਵਿਚਿ ਹੀ ਉਲਝੇ ਰਹਿੰਦੇ ਹਨ। ਅਤੇ ਉਲਝ ਕੇ ਖਪਦੇ ਰਹਿੰਦੇ ਹਨ। ਮਾਇਆ ਦਾ ਮੱਦ ਦੇਖ ਕੇ ਹੀ ਮਤਵਾਲੇ ਹੋਏ ਰਹਿੰਦੇ ਹਨ। ਇਹ ਚੜ੍ਹਿਆ ਹੋਇਆ ਉਦਮਾਦ ਉਹਨਾਂ ਨੂੰ ਵਾਹਿਗੁਰੂ ਵਲੋਂ ਤੇ ਵਾਹਿਗੁਰੂ-ਜਸ ਵਲੋਂ ਸਦਾ ਹੀ ਗ਼ਾਫ਼ਲ ਰਖਦਾ ਹੈ। ਉਹ ਪਰਮਾਰਥ ਦੇ ਪਾਸੇ ਆਉਂਦੇ ਹੀ ਨਹੀਂ, ਹਰਿ ਜਸ ਕਦੇ ਗਾਉਂਦੇ ਹੀ ਨਹੀਂ। ਸਤਿ-ਸੰਗਤਿ ਵਿਚਿ ਆ ਕੇ ਕਦੇ ਬੈਠਦੇ ਤਕ ਨਹੀਂ। ਬਹੁ ਪ੍ਰਕਾਰ ਕਰਿ ਇਹ ਬਿਧਿ ਬਿਧੀ ਸੋਚ ਕੇ ਦੇਖੀ ਕਿ ਬਿਨਾਂ ਸਤਿ-ਸੰਗਤਿ ਸੰਤ ਜਨਾਂ ਦੇ ਆਸਰੇ ਤੋਂ ਇਹ ਗਤੀ ਪ੍ਰਾਪਤਿ ਨਹੀਂ ਹੁੰਦੀ। ਹੇ ਵਾਹਿਗੁਰੂ । ਸਭ ਤੋਂ ਵਡੇ ਦਾਤਾਰ ਸਮਰਥ ਪਾਤਸ਼ਾਹ । ਅਸੀਂ ਤੇਰੇ ਮੰਗਤੇ ਹਾਂ। ਤੇਰੇ ਦਰਬਾਰ ਅਰਦਾਸ ਕਰਿ ਕਰਿ ਇਹ ਦਾਨ ਮੰਗਣ ਲਈ ਅਸੀਂ ਆਏ ਹਾਂ। ਹੱਥ ਬੰਨ੍ਹੀ ਅਤੇ ਅੜੀ ਖੜੋਤੇ ਹਾਂ ਕਿ ਸਾਨੂੰ ਖਿਨ ਖਿਨ ਆਪਣੇ ਨਾਮ ਦੀ ਦਾਤਿ ਦੇਵੋ ਅਤੇ ਹਰ ਦੰਮ ਹਰ ਅਉਸਰ ਆਪਣੇ ਨਾਮ-ਰਸੀਏ ਸੰਤਾਂ ਭਗਤਾਂ ਦੀ ਗੁਰਮੁਖ ਜਨਾਂ ਦੀ ਸੰਗਤ ਵਿਚ ਹੀ ਰਖਣ ਦੀ ਕਿਰਪਾਲਤਾ ਕਰੋ। ਸਗਲਾ ਮਾਨ ਮਹੱਤਾ, ਮਾਨ ਵਡਿਆਈ ਦਾ ਚਸਕਾ ਛਡ ਕੇ ਹੀ ਇਹ ਦਾਤਿ ਮਿਲਦੀ ਹੈ। ਅਤੇ ਤੇਰੇ ਦਾਸਾਂ ਦੀ ਰੇਨ ਬਾਂਛ ਕੇ, ਦਾਸ ਦੀ ਧੂੜੀ ਵਿਚਿ ਰੁਲ ਕੇ ਸਭਨਾਂ ਦੀ ਰੇਨ ਹੋਇ ਕੇ, ਨੀਚ ਤੋਂ ਨੀਚ ਸਦਾ ਕੇ ਇਹ ਦਾਤਿ ਮਿਲਦੀ ਹੈ। ਅਤੇ ਦਾਸ ਰੇਨ ਸਰਨਾਏ ਹੋ ਕੇ ਹੀ ਵਾਹਿਗੁਰੂ ਨਾਲਿ ਇਕ-ਮਿਕ ਹੋਈਦਾ ਹੈ। ਅਤੇ ਮਹਾਂ ਆਨੰਦ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ਹੇ ਵਾਹਿਗੁਰੂ । ਮਨਮੁਖਤਾ ਤੋਂ ਬਖ਼ਸ਼ । ਮਨਮੁਖਾਂ ਨੂੰ ਭੀ ਬਖ਼ਸ਼ ॥ ਅਗਲਾ ਗੁਰਵਾਕ ਵਿਚਿ ਸਰਬ ਸੁਖਦਾਤਾ ਬਿਸਾਰ ਕੇ ਮੋਹ ਮਾਇਆ ਵਿਚ ਫਾਥੇ ਮਨਮੁਖ ਮਾਨੁਖ ਦਾ ਨਕਸ਼ਾ ਖਿਚਿਆ ਹੈ–

ਪ੍ਰਾਨ ਸੁਖ ਦਾਤਾ ਜੀਅ ਸੁਖ ਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥੧॥
ਰੇ ਨਰ ਐਸੀ ਕਰਹਿ ਇਆਨਥ ॥
ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ ॥੧॥ ਰਹਾਉ ॥
ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ॥
ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ ॥੨॥
ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ ॥
ਪਰਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੁਲਾਨਥ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪॥
॥੧॥੧੦॥ (ਮਾਰੂ ਮ: ੫, ਪੰਨਾ ੧੦੦੧)

ਵਿਆਖਿਆ– ਮਨਮੁਖ ਨਰ ਨੂੰ ਸਨਮੁਖ ਉਪਦੇਸ਼ ਹੈ ਕਿ ਹੇ ਮਨਮੁਖ ਅਗਿਆਨੀ ਪੁਰਸ਼ । ਤੂੰ ਪ੍ਰਾਨ ਸੁਖਦਾਤਾ, ਜੀਅ ਸੁਖਦਾਤਾ ਵਾਹਿਗੁਰੂ ਮਹਿਜ਼ ਮਨਮੁਖਤਾ ਅਤੇ ਮੂਰਖਤਾ ਅਗਿਆਨਤਾ ਦੇ ਕਾਰਨ ਕਿਉਂ ਬਿਸਾਰ ਦਿਤਾ ਹੈ? ਮਾਇਆ ਦਾ ਹੋਛਾ ਮਦ ਚਖ ਕੇ ਤੂੰ ਬਉਰਾ ਹੋ ਗਿਆ ਹੈਂ । ਅਤੇ ਦੁਰਲਭ ਮਾਨੁਖਾ ਜਨਮ ਨੂੰ ਅਕਾਰਥ ਖੋ ਰਹਿਆ ਹੈਂ ॥ ਐਸੀ ਬੇਸਮਝੀ ਵਾਲਾ ਇਆਨ-ਪੁਣਾ ਕਿਉਂ ਕਰਿ ਰਹਿਆ ਹੈਂ ? ਸਾਰੀ ਸ੍ਰਿਸ਼ਟੀ ਨੂੰ ਸਹਾਰਾ ਆਸਰਾ ਦੇਣ ਵਾਲੇ ਵਾਹਿਗੁਰੂ ਨੂੰ ਤਜ ਕੇ ਤੂੰ ਕਿਹੜੇ ਭਰਮ ਵਿਚਿ ਭੁਲਿਆ ਫਿਰਦਾ ਹੈ ? ਸਨਬੰਧੀ ਸਾਕੇਚਾਰੀ ਤੇ ਕੁਟੰਬ ਕਬੀਲੇ ਦੇ ਅਤੇ ਬਪੁੜੀ ਮਾਇਆ ਦਾਸੀ ਦੇ ਮੋਹ ਵਿਚਿ ਤੂੰ ਲਪਟ


www.AKJ.Org

ਰਹਿਆ ਹੈਂ, ਲਟੂ ਹੋ ਰਹਿਆ ਹੈਂ। ਸਾਰੀ ਸ੍ਰਿਸ਼ਟੀ ਨੂੰ ਆਸਾਰਾ ਸਹਾਰਾ ਦੇਣ ਵਾਲੇ ਸਰਬੱਗ ਵਾਹਿਗੁਰੂ ਨੂੰ ਤਿਆਗ ਕੇ ਤੂੰ ਅਲਪੱਗ ਕੁਲ ਕੁਟੰਬੀ ਗੁਲਾਮੀ ਵਿਚਿ ਲਥ ਪਥ ਹੋਇ ਰਹਿਆ ਹੈਂ। ਅਤੇ ਉਨ੍ਹਾਂ ਦੀ ਖ਼ਾਤਰ ਹਉਂ ਹਉਂ ਕਰਦਾ ਫਿਰਦਾ ਮੈਂ ਮੇਰੀ ਵਿਚਿ ਗਲਤਾਨ ਹੋਇਆ ਫਿਰਦਾ ਹੈਂ। ਤੇਰੀ ਸਾਰੀ ਉਮਰ ਏਵੇਂ ਹੀ ਬਿਰਥੀ ਬਿਹਾਉਂਦੀ ਜਾ ਰਹੀ ਹੈ। ਅਗਿਆਨੀਆਂ ਵਾਲੇ ਫੋਕਟ ਕਰਮ ਕਰ ਕੇ ਆਪਣੇ ਆਪ ਨੂੰ ਮਨਮੁਖ ਅੰਧਾ ਕਹਾਉਂਦਾ ਹੈ। ਜੋ ਇਕੋ ਸਤਿ ਪੁਰਖ ਸੱਚਾ ਵਾਹਿਗੁਰੂ ਹੈ, ਤਿਸ ਨੂੰ ਤਾਂ ਤੈ ਅਸਤਿ ਕਰ ਕੇ ਮੰਨਿਆ ਹੋਇਆ ਹੈ, ਜੋ ਬਿਨਸਨਹਾਰ ਅਲਪਗ ਦੇਹਧਾਰੀ ਹੈ ਅਤੇ ਅਸਤਿ ਪਦਾਰਥੁ ਹੈ, ਤਿਸ ਨੂੰ ਤੈਂ ਨਿਹਚਲ ਕਰ ਕੇ ਜਾਣਿਆ ਹੋਇਆ ਹੈ। ਜੋ ਵਸਤੂ ਤੇਰੀ ਨਹੀਂ ਤੀਨ ਕਾਲ ਤੇਰੀ ਨਹੀਂ, ਸਦਾ ਓਪਰੀ ਹੈ, ਤਿਸ ਨੂੰ ਤੂੰ ਆਪਣੀ ਸਮਝ ਕੇ ਚਿੰਮੜਿਆ ਹੋਇਆ ਹੈਂ, ਮੋਹ ਮਾਇਆ ਦਾ ਕੀੜਾ ਬਣ ਕੇ। ਐਸੀਆਂ ਭੂਲ-ਭੁਲੱਈਆਂ ਵਿਚਿ ਤੂੰ ਭੁਲਿਆ ਫਿਰਦਾ ਹੈਂ। ਗੁਰੂ ਨਾਨਕ ਸਾਹਿਬ ਜੀ ਨੇ ਖਤਰੀ ਬ੍ਰਾਹਮਣ ਸ਼ੂਦ ਵੈਸ਼ ਚੰਡਾਲ ਮਲੇਛਾਂ ਨੂੰ ਇਕੋ ਗੁਰਮਤਿ ਨਾਮ ਦੇ ਆਸਰੇ ਤਾਰਨ ਦਾ ਧੁਰਵਾ ਬੰਨ੍ਹਿਆ ਹੋਇਆ ਹੈ। ਤੂੰ ਅਜੇ ਆਪਣੀ ਮਨਮੁਖਤਾ ਦੇ ਕਾਰਨ ਜਾਤਾਂ ਪਾਤਾਂ ਦੇ ਵਿਤਕਰੇ ਵਿਚਿ ਫਸਿਆ ਫਿਰਦਾ ਹੈਂ। ਕਦੇ ਤੂੰ ਆਖਦਾ ਹੈਂ ਇਸਤ੍ਰੀ ਜਾਮੇ ਦਾ ਉਧਾਰ ਨਹੀਂ ਹੋ ਸਕਦਾ। ਇਸਤ੍ਰੀ ਨੂੰ ਮਾਨੁਖ ਦੀ ਬ੍ਰਾਬਰੀ ਨਹੀਂ ਹੋ ਸਕਦੀ। ਨੀਚ ਜਾਤੀਆਂ ਨਾਲਿ ਨਫ਼ਰਤ ਕਰ ਕੇ ਤੂੰ ਆਪਣੇ ਆਪ ਨੂੰ ਵਡਾ ਬਣਾ ਕੇ ਅਭਿਮਾਨੀ ਬਣਦਾ ਹੈਂ। ਇਹ ਸਭ ਮਨਮੁਖਾਂ ਵਾਲੀਆਂ ਗੱਲਾਂ ਹੀ ਹਨ। ਗੁਰੂ ਨਾਨਕ ਦਾ ਸੱਚਾ ਉਪਦੇਸ਼ ਜੋ ਸੁਣੇ ਕਮਾਵੇਗਾ ਤਿਸੇ ਦਾ ਹੀ ਪਾਰ-ਉਤਾਰਾ ਹੋਵੇਗਾ, ਮਨਮੁਖਤਾ ਦੀਆਂ ਘਾਲਣਾਂ ਕੀਤਿਆਂ ਕਿਸੇ ਨੇ ਪਾਰ ਨਹੀਂ ਉਤਰਨਾ, ਨਿਸਚੇ ਰਹੇ।

ਹਉ ਹਉ ਕਰਮ ਕਮਾਣੇ ॥ ਤੇ ਤੇ ਬੰਧ ਗਲਾਣੇ ॥
ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥੩॥ (੪॥੧॥੧੭)

(ਮਾਰੂ ਮਹਲਾ ੫, ਪੰਨਾ ੧੦੦੪)

ਇਹ ਗੁਰਵਾਕ ਦਸਦਾ ਹੈ ਕਿ ਜੋ ਜੋ ਕਰਮ ਹਉਮੈ ਦੇ ਅਧੀਨ ਹੋ ਕੇ ਤੇ ਮਨ ਦੇ ਪਿਛੇ ਲਗ ਕੇ ਕੀਤੇ ਜਾਂਦੇ ਹਨ, ਸੋ ਸਭ ਕਰਮ ਮਨਮੁਖੀ ਕਰਮ ਹਨ, ਜਿਨ੍ਹਾਂ ਦੇ ਬੰਧਨਾਂ ਦੀ ਫਾਸ, ਕਰਮ ਕਰਨਹਾਰਿਆਂ ਦੇ ਗਲਾਂ ਵਿਚਿ ਪੈਂਦੀ ਹੈ। ਜਿਨ੍ਹਾਂ ਮਨਮੁਖਾਂ ਨੇ ਭੀ ਮੇਰੀ ਮੇਰੀ ਧਾਰ ਕੇ ਹਉਮੈ ਕਰਮ ਕਮਾਏ, ਤਿਨ੍ਹਾਂ ਦੇ ਪੈਰਾਂ ਵਿਚਿ ਲੋਹੇ ਦੀ ਬੇੜੀ ਪਈ, ਤਿਨ੍ਹਾਂ ਨੂੰ ਕਦੇ ਭੀ ਕਲਿਆਣ ਪ੍ਰਾਪਤ ਨ ਹੋਈ। ਮਨਮੁਖੀ ਕਰਮਾਂ ਦਾ ਇਹੀ ਹਸ਼ਰ ਹੈ।

## ਲੋਕਾਚਾਰੀ ਹਉਮੈ-ਬੰਧਨ-ਬਿਆਪਤ ਮਨਮੁਖੀ ਕਰਮ

ਕਰਮ ਕਰੈ ਤਾ ਬੰਧਾ ਨਹ ਕਰੈ ਤ ਨਿੰਦਾ ॥
ਮੋਹ ਮਗਨ ਮਨੁ ਵਿਆਪਿਆ ਚਿੰਦਾ ॥
ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥

(੮॥੧॥੭) (ਮਾਰੂ ਮ: ੫, ਪੰਨਾ ੧੦੧੯)

ਕਰਮਾ-ਚਾਰੀ ਮਨਮੁਖੀ ਬੰਦਾ ਦੁਬਿਧਾ ਵਿਚਿ ਕਰਮ ਕਮਾਉਂਦਾ ਹੈ। ਜੇ ਕਰਮ ਕਰਦਾ ਹੈ ਤਾਂ ਬੰਧਨ ਪੈਂਦੇ ਹਨ। ਨਹੀਂ ਕਰਦਾ ਤਾਂ ਲੋਕਾਂ ਦੀ ਨਿੰਦਾ ਹੁੰਦੀ ਹੈ। ਜੋ ਜੋ ਕਰਮ ਮਨਮੁਖ ਕਰਦਾ ਭੀ ਹੈ, ਸੋ ਮੋਹ-ਮਮਤਾ ਦਾ ਮਾਰਿਆ ਕਰਦਾ ਹੈ। ਮੋਹ ਵਿਚਿ ਮਗਨ ਭੀ ਨਹੀਂ ਹੋਇਆ ਜਾਂਦਾ। ਚਿੰਤਾ ਵਿਆਪੀ ਹੀ ਰਹਿੰਦੀ ਹੈ। ਕਦੇ ਦੁਖ ਦੀ ਕਦੇ ਸੁਖ ਦੀ ਚਿੰਤਾ ਲਗੀ ਹੀ ਰਹਿੰਦੀ ਹੈ। ਇਹ ਤਾਂ ਜਿੰਨ੍ਹਾਂ ਗੁਰਮੁਖਾਂ ਉਪਰਿ ਗੁਰੂ ਦੀ ਕਿਰਪਾ ਹੁੰਦੀ ਹੈ, ਸੋਈ ਜਨ ਹੀ ਦੁਖ ਸੁਖ ਨੂੰ ਸਮਾਨ ਕਰਕੇ ਜਾਣਦੇ ਹਨ। ਉਹ ਸਾਰੇ ਘਟਾਂ ਅੰਦਰਿ, ਆਪਣੇ ਹੀਅਰੇ ਅੰਦਰਿ ਰਮਤ ਰਾਮ ਨੂੰ ਰਮਿਆ ਹੋਇਆ ਪਰਤੱਖ ਦੇਖਦੇ ਹਨ। ਮਨਮੁਖਾਂ ਨੂੰ ਅਗੇ ਅੰਧਾਰਾ ਹੀ ਅੰਧਾਰਾ ਹੈ। ਏਥੇ ਭੀ ਉਹ ਅੰਧਿਆਰੇ ਵਿਚਿ ਪਏ ਅਨਿਸਚਤ ਕਰਮ ਕਰਿ ਕਰਿ ਖਪਤ ਹੁੰਦੇ ਹਨ।

ਨਾਮ ਹੀਣੁ ਬਿਨਸੈ ਦੁਖੁ ਪਾਇ ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥
ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥ ਬਹੁ ਬਿਧਿ ਥਾਕਾ ਕਰਮ ਕਮਾਇ ॥੩॥


www.AKJ.Org

ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥
ਮਰ ਜਨਮਹਿ ਫਿਰਿ ਹੋਹਿ ਖੁਆਰੁ ॥ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥
(੫॥੪॥੧੩)(ਮਲਾਰ ਮ: ੩, ਪੰਨਾ ੧੨੬੨)

ਭਾਵ – ਨਾਮ ਤੋਂ ਹੀਣੇ ਮਨਮੁਖ ਨੂੰ ਮਨਮੁਖੀ ਕਰਮ ਕੀਤਿਆਂ ਦੁਖ ਹੀ ਦੁਖ ਅਗੇ ਆਉਂਦਾ ਹੈ। ਉਹ ਜਿਉਂ ਜਿਉਂ ਕਰਮ ਕਰਦਾ ਹੈ ਤਿਉਂ ਤਿਉਂ ਤ੍ਰਿਸ਼ਨਾ ਵਿਚਿ ਜਲਿ ਜਲਿ ਮਰਦਾ ਹੈ। ਤ੍ਰਿਸ਼ਨਾ ਵਿਚਿ ਜਲ ਮਰੇ ਨੂੰ ਜੇ ਕਿਸੇ ਪਦਾਰਥ ਦੀ ਪ੍ਰਾਪਤੀ ਭੀ ਹੋ ਜਾਦੀ ਹੈ, ਫੇਰ ਕਿਹੜੀ ਉਸਦੀ ਭੁੱਖ ਮਿਟ ਜਾਂਦੀ ਹੈ ? ਭੁੱਖ ਫੇਰ ਭੀ ਨਹੀਂ ਮਿਟਦੀ, ਤਾਂ ਧ੍ਰਿਕਾਰ ਹੈ ਅਜਿਹੇ ਕਰਮ ਕੀਤੇ ਦੇ। ਨਾਮ-ਸਨਮੁਖੇ ਗੁਰਮੁਖਾਂ ਦੀ ਹੀ ਭੁੱਖ ਮਿਟਦੀ ਹੈ। ਉਹਨਾਂ ਦੇ ਗੁਰਮੁਖੀ ਕਰਮ ਹੀ ਭੁੱਖ ਮਿਟਾਉਣ ਵਾਲੇ ਹੁੰਦੇ ਹਨ। ਇਹ ਗੁਰਮਤਿ ਨਾਮ ਬਿਨਾਂ ਭਾਗਾਂ ਦੇ ਮਨਮੁਖਾਂ ਤੋਂ ਪਾਇਆ ਨਹੀਂ ਜਾਂਦਾ। ਚਾਹੇ ਬਹੁ ਬਿਧੀ ਕਰਮ ਕਰਿ ਕਰਿ ਹਾਰ ਜਾਣ। ਮਨਮੁਖਾਂ ਦੇ ਬਹੁ ਬਿਧੀ ਕਰਮ ਕੀਤੇ ਕ੍ਰਿਸੇ ਲੇਖੇ ਨਹੀਂ ਪੈਂਦੇ। ਆਪਣੀ ਮਨਮੁਖਤਾ ਦੁਆਰਾ ਹੀ ਉਹ ਬੇਦ-ਬੀਚਾਰੀ ਕਰਮ ਕਰਨ ਲਗ ਪੈਂਦੇ ਹਨ ਆਪ-ਹੁਦਰੇ, ਪਰ ਬੇਦ ਬਾਣੀ ਦੇ ਦਰਸਾਏ ਕਰਮ ਸਭਿ ਤ੍ਰੈਗੁਣੀ ਕਰਮ ਹੀ ਹਨ, ਜਿਨ੍ਹਾਂ ਦੇ ਕਰਨ ਕਰਿ ਬਿਖਿਆ ਬਿਖ-ਮਾਇਆ ਦੀ ਮੈਲ ਸਗੋਂ ਹੋਰ ਵਧੇਰੀ ਆ ਲਗਦੀ ਹੈ। ਬੇਦ-ਬੀਚਾਰੀ ਕਰਮ ਬਿਖਿਆ ਦਾ ਵਾਪਾਰ ਜੁ ਹੋਇਆ। ਜਿਸ ਬਿਖਿਆ-ਵਾਪਾਰੀ ਕਰਮ ਨੂੰ ਕਰਿ ਕਰਿ ਕੇ, ਮਨਮੁਖ ਪ੍ਰਾਣੀ ਮੁੜਿ ਮੁੜਿ ਮਰਿ ਮਰਿ ਜਨਮਦੇ ਅਤੇ ਜੰਮਿ ਜੰਮਿ ਮਰਦੇ ਹਨ। ਇਉਂ ਪਏ ਜੂਨੀਆਂ ਵਿਚਿ ਖੁਆਰ ਹੁੰਦੇ ਫਿਰਦੇ ਹਨ। ਗੁਰਮੁਖਿ ਜਨ ਤੁਰੀਆ ਗੁਣੀ ਕਰਮ ਸਿਫਤਿ ਸਾਲਾਹ ਨਿਰੰਕਾਰੀ ਨਾਮ ਨੂੰ ਉਰਿਧਾਰਦੇ ਭਵਜਲੋਂ ਪਾਰ ਪੈਂਦੇ ਹਨ। ਮਨਮੁਖ ਤ੍ਰੈਗੁਣਾਂ ਵਿਚਿ ਹੀ ਫਾਥੇ ਰਹਿ ਜਾਂਦੇ ਹਨ।

ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥
ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰਧਾਰਿ ॥੩॥
(ਮਲਾਰ ਮ: ੩ ਅਸਟ, ਪੰਨਾ ੧੨੭੭)

ਮਨਮੁਖਾਂ ਦਾ ਫ਼ਾਲਤੂ ਬਾਦ ਬੇਫ਼ਾਇਦਾ ਕਰਤਬ (ਆਚਾਰ) ਹੀ ਹੁੰਦਾ ਹੈ। ਉਹ ਨਾਮ ਬਿਸਾਰ ਕੇ ਹੋਰ ਹੀ ਹੋਰ ਭਰਮਾਂ ਕਰਮਾਂ ਵਿਚਿ ਗ਼ਲਤਾਨ ਰਹਿੰਦੇ ਹਨ। ਉਹਨਾਂ ਤੋਂ ਉਨ੍ਹਾਂ ਗੁਰਮੁਖਾਂ ਦੀ ਰੀਸ ਨਹੀਂ ਹੁੰਦੀ ਜੋ ਪ੍ਰਮਾਰਥੀ ਮਨੋਰਥ ਨੂੰ ਮੁਖ ਰਖ ਕੇ ਪਰਮਾਤਮਾ ਨੂੰ ਮਿਲਣ ਦੀ ਕਾਮਨਾ ਨਾਲਿ ਸ਼ਬਦ ਗੁਰੂ ਦਾ ਸ਼ੀਂਗਾਰ ਕਰਦੇ ਹਨ। ਅਤੇ ਸ਼ਬਦ ਨੂੰ ਉਰਿਧਾਰ ਕੇ, ਏਸੇ ਸਿਫਤਿ ਸਾਲਾਹੀ ਕਰਮ ਧਰਮ ਕਰਨ ਵਿਚਿ ਹਰ ਦੰਮ ਤਤਪਰ ਰਹਿੰਦੇ ਹਨ। ਮਨਮੁਖਾਂ ਤੋਂ ਅਜਿਹੇ ਗੁਰਮੁਖਾਂ ਦੀ ਰੀਸ ਕਦ ਹੋ ਸਕਦੀ ਹੈ, ਜਿਨ੍ਹਾਂ ਨੇ ਆਪਣੇ ਮਨ ਦੇ ਮਗਰ ਹੀ ਚਲਣਾ ਹੋਇਆ ?

ਮਨਮੁਖ ਦਰਿ ਢੋਈ ਨ ਲਹਹਿ ਭਾਇ ਦੂਜੈ ਕਰਮ ਕਮਾਇ ॥੪॥
(੮॥੨॥੭), (ਪ੍ਰਭਾਤੀ ਮ: ੩, ਪੰਨਾ ੧੩੪੬-੪੭)

ਭਾਵ- ਮਨਮੁਖਾਂ ਨੂੰ ਸੱਚੀ ਦਰਗਹ ਵਿਚਿ, ਪਰਮਾਤਮਾ ਦੇ ਦਰਬਾਰ ਵਿਚਿ ਢੋਈ ਨਹੀਂ ਮਿਲਦੀ। ਉਹ ਢੋਈ ਲੈ ਹੀ ਨਹੀਂ ਸਕਦੇ। ਦੂਜੈ ਭਾਇ ਕਰਮ ਕਮਾ ਕੇ, ਦੂਜੇ ਭਾਇ ਦੇ ਮਨਮੁਖੀ ਕਰਮ ਕਮਾਵਣਹਾਰਿਆਂ ਨੂੰ ਦਰਿ ਦਰਗਾਹੇ ਢੋਈ ਲੈਣੀ ਨਹੀਂ ਪਾਉਂਦੀ ।

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨਾ ਅੰਤਰਿ ਹਰਿ ਸੁਰਤਿ ਨਾਹੀ ॥
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮਰਾਇ ਕੈ ਜਾਂਹੀ ॥
ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ ॥
ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ ॥
ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥
ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ ਸਮਾਇ ॥੪੫॥
(ਵਾਰਾਂ ਤੇ ਵਧੀਕ, ਸਲੋਕ ਮ: ੩, ਪੰਨਾ ੧੪੧੮).


www.AKJ.Org

ਵਿਆਖਿਆ :– ਜਿਨ੍ਹਾਂ ਪੁਰਸ਼ਾਂ ਦੇ ਅੰਦਰਿ ਸੁਰਤਿ ਸ਼ਬਦ ਦੀ ਲਗਨ ਵਾਲਾ ਸਿਫਤਿ ਸਾਲਾਹੀ ਕਰਮ ਅਭਿਆਸ ਨਹੀਂ, ਉਹ ਕੀ ਬਾਲਕ ਤੇ ਕੀ ਬਿਰਧਿ ਸਭ ਇਕੋ ਜਿਹੇ (ਸਮਾਨ) ਹੀ ਮਨਮੁਖ ਦੇ ਫਤਵੇ ਵਾਲੇ ਹਨ। ਕਿਉਂਕਿ ਉਹ ਜਿਤਨੇ ਭੀ ਕਰਮ ਕਮਾਉਂਦੇ ਹਨ, ਹਉਮੈ ਵਿਚਿ ਹੀ ਮਦ-ਮੱਤੇ ਹੋ ਕੇ ਕਮਾਉਂਦੇ ਹਨ। ਅਜਿਹੇ ਹਉਮੈ ਵਿਚਿ ਕਰਮ ਕਮਾਵਣ ਵਾਲੇ ਮਨਮੁਖ਼ ਸਭਿ ਅਗੇ ਜਾ ਕੇ ਧਰਮਰਾਇ ਦੇ ਵਸਿ ਪੈਣਗੇ। ਧਰਮਰਾਇ ਦੀ ਕਚਹਿਰੀ ਵਿਚਿ ਹੀ ਉਹਨਾਂ ਦੇ ਕੀਤੇ ਕਰਮਾਂ ਦਾ ਨਿਬੇੜਾ ਹੋਊ, ਜਿਥੇ ਕਿ ਉਹ ਦੇਣਹਾਰ ਦੀਵਾਲੀਏ ਨਿਕਲਣਗੇ। ਇਹਨਾਂ ਦੇ ਮੁਕਾਬਲੇ ਵਿਚਿ ਗੁਰੂ ਕੇ ਗੁਰਮੁਖ ਸਿਖ ਨਿਰਮਲ ਗੁਰਮਤਿ ਕਰਮ ਕਮਾਉਣ ਕਰਕੇ ਬਹੁਤ ਅਛੇ ਰਹਿਣਗੇ, ਧਰਮਰਾਇ ਦੇ ਹਿਸਾਬ ਤੋਂ ਪਾਕ (ਨਿਰਮਲ) ਬੇਬਾਕ ਰਹਿਣਗੇ, ਕਿਉਂਕਿ ਉਹਨਾਂ ਨੇ ਗੁਰੂ ਦੇ ਸ਼ਬਦ ਦੀ ਸਹਿਜ ਸੁਭਾਇ ਕਮਾਈ ਕੀਤੀ ਹੁੰਦੀ ਹੈ। ਉਹਨਾਂ ਨੂੰ ਪਤੰਗੇ ਜਿੰਨੀ ਮੈਲ ਭੀ ਨਹੀਂ ਲਗਦੀ, ਇਸ ਕਰਕੇ ਕਿ ਉਹ ਸਦਾ ਸਤਿਗੁਰੂ ਦੇ ਹੁਕਮ-ਰਜ਼ਾਂਈ ਕਰਮ ਹੀ ਕਮਾਉਂਦੇ ਹਨ। ਮਨਮੁਖ ਆਪਣੇ ਭਾਣੇ, ਆਪਣੇ ਮਨ ਦੇ ਮ[illegible] ਲਗ ਕੇ ਕਰਮ ਕਰਦੇ ਹਨ। ਇਸ ਕਰਕੇ ਉਹਨਾਂ ਮਨਮੁਖਾਂ ਦੇ ਮਨ ਤੇ ਜੂਠ ਦੀ ਮੈਲ ਦੇ ਲਿਉ ਦੇ ਲਿਉ ਚੜ੍ਹ ਰਹਿੰਦੇ ਹਨ। ਇਹ ਮੈਲ ਭਰੀ ਜੂਠ ਉਹਨਾਂ ਦੇ ਮਨ ਤੋਂ ਕਦੇ ਉਤਰਦੀ ਹੀ ਨਹੀਂ ਭਾਵੇਂ ਕਿਤਨੀ ਧੋਣੀ ਉਸ ਮੈਲ ਨੂੰ ਧੋਣ ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥੧॥ (੨੨)

(ਸਲੋਕ ਮ: ੩ ਵਾਰ ਸੋਰਠਿ, ਪੰਨਾ ੬੫੧)

ਅਜਿਹੇ ਮਨ-ਮੈਲੜਾ-ਮਲੀਨ ਮਨਮੁਖ ਅਕਾਲ ਪੁਰਖ ਦੀ ਦਰਗਾਹ ਤੋਂ ਜਨਮਾਂ ਪ੍ਰਯੰਤ ਦੂਰਿ ਰਹਿੰਦਾ ਹੈ, ਕਦੇ ਮਿਲਣੇ ਹੀ ਨਹੀਂ ਪਾਉਂਦਾ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰ-ਅਨੁਸਾਰੀ ਗੁਰਮੁਖਿ ਜਨਾਂ ਦੀ ਗੁਰੂ ਤੇ ਅੰਕਿ ਵਿਚਿ ਸਮਾਈ ਹੋ ਜਾਂਦੀ ਹੈ, ਏਸ ਕਰਕੇ ਉਹ ਵਾਹਿਗੁਰੂ [illegible] ਸੱਚੇ ਮਿਲਾਪ ਦੀਆਂ ਰੰਗ ਰਲੀਆਂ ਮਾਣਦੇ ਹਨ –

ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥
ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥
ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥
ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ ॥੧੯॥

(ਵਾਰਾਂ ਤੇ ਵਧੀਕ ਸਲੋਕ ਮ: ੪, ਪੰਨਾ ੧੪੨੩)

ਵਿਆਖਿਆ :– ਮਨਮੁਖੀ ਦੁਹਾਗਣਿ ਜਗਿਆਸੂ ਰੂਪੀ ਇਸਤ੍ਰੀ ਪਤੀ ਪਰਮੇਸ਼ਰ ਦਾ ਹੁਕਮ ਨਹੀਂ ਬੁਝਦੀ, ਬੁਝ ਸਕਦੀ ਹੀ ਨਹੀਂ। ਬਸ, ਹੁਕਮਾਂ ਤੋਂ ਮੁਨਹਰਫ਼ ਹੋਈਵੀ ਨਿਤ ਆਪ-ਹੁਦਰੇ ਆਪਣੀ ਮਨ ਦੀ ਮਰਜ਼ੀ ਦੇ ਹਉਮੈ-ਗ੍ਰਸੇ ਕਰਮ ਹੀ ਕਮਾਉਂਦੀ ਹੈ। ਭਾਗ ਖੋਟੇ ਬਪੁੜੀ ਮਨਮੁਖ ਦੇ। ਆਪ-ਹੁਦਰੇ ਹਉਮੈ ਅਧੀਨ ਉਸ ਦੇ ਵਰਤ, ਨੇਮ, ਸੁਚ, ਸੰਜਮ, ਪੂਜਾ ਆਦਿਕ ਕਰਮ ਕੀਤੇ ਸਭ ਪਾਖੰਡ ਰੂਪ ਹੀ ਸਿੱਧ ਹੁੰਦੇ ਹਨ। ਇਹਨਾਂ ਪਾਖੰਡ ਕਰਮਾਂ ਦੇ ਕੀਤਿਆਂ ਅੰਦਰਲਾ ਭਰਮ ਨਹੀਂ ਜਾਂਦਾ, ਨਾ ਦੁਬਿਧਾ ਮਿਟਦੀ ਹੈ। ਉਹ ਅੰਦਰੋਂ ਕੁਸੁਧ ਨਾਪਾਕ ਹੀ ਰਹਿੰਦੇ ਹਨ। ਮਾਇਆ-ਮੋਹ ਦੇ ਅੱਟੇ ਹੋਏ ਹਉਮੈ ਮੈਲ ਨਾਲਿ ਲਿਬੜੇ ਹੀ ਰਹਿੰਦੇ ਹਨ। ਜਿਵੇਂ ਮਦਮੱਤਾ ਮੈਗਲ (ਮਸਤ ਹਾਥੀ) ਖੇਹ ਉਡਾਉਂਦਾ ਹੈ ਤਿਵੇਂ ਉਹ ਮਨਮੁਖ ਭੀ ਛਾਰ (ਖੇਹ) ਹੀ ਉਡਾਉਂਦਾ ਹੈ। ਵਾਹਿਗੁਰੂ ਦੀ [illegible] ਦਾਤਿ [illegible] ਰੂਪੀ ਮਾਇਆ ਦੇ ਹੀ ਮਤਵਾਲੇ ਰਹਿੰਦੇ ਹਨ। ਜਿਸ ਵਾਹਿਗੁਰੂ ਦਾਤਾਰ ਨੇ ਉਹਨਾਂ ਨੂੰ ਉਪਾਇਆ ਹੈ ਅਤੇ ਦਾਤਿ ਦਿਤੀ ਹੈ ਉਸ ਨੂੰ ਕਦੇ ਚੇਤਦੇ ਹੀ ਨਹੀਂ। ਬਿਨਾਂ ਵਾਹਿਗੁਰੂ ਨੂੰ ਚੇਤਿਆਂ ਸਿਮਰਿਆਂ ਕਿਵੇਂ ਸੱਚੇ ਸੁਖ ਨੂੰ ਪ੍ਰਾਪਤਿ ਹੀ ਹੋਣ। ਆਪਣਾ ਪੂਰਬ ਲਿਖਿਆ ਪਾਉਂਦੇ ਹਨ। ਪੂਰਬਲੀ ਲਿਖਤ ਅਨੁਸਾਰ ਹੀ ਮਨਮੁਖੀ ਕਰਮ ਕਮਾਉਂਦੇ ਹਨ। ਸੱਚੇ ਦੀ ਦਰਗਾਹੋਂ, ਧੁਰਿ ਦਰਗਾਹੋਂ ਹੱਕੋ ਹੱਕ ਨਿਬੇੜਾ ਹੁੰਦਾ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ, ਭੋਰਾ ਭਰ ਭੀ ਗੁਮੇਹ ਨਹੀਂ -


www.AKJ.Org

ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥
ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥
ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰੁ ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥੨੩॥

(ਵਾਰਾਂ ਤੇ ਵਧੀਕ ਸਲੋਕ ਮ: ੪, ਪੰਨਾ ੧੪੨੩)

ਭਾਵ- ਗੁਰੂ ਤੋਂ ਬੇਮੁਖ ਮਨਮੁਖੀ ਪੁਰਸ਼ ਉਤੇ ਮਾਇਆ ਦਾ ਮੋਹ ਹੀ ਪ੍ਰਬਲ ਰਹਿੰਦਾ ਹੈ, ਇਸ ਕਰਕੇ ਨਾਮ ਵਲ ਉਸ ਦੀ ਰੁਚੀ ਹੀ ਨਹੀਂ ਆਉਂਦੀ। ਉਸ ਨੂੰ, ਮਾਇਆ-ਮੋਹ ਗ੍ਰਸੇ ਨੂੰ ਨਾਮ ਨਾਲਿ ਪਿਆਰ-ਪ੍ਰੇਮ ਹੀ ਨਹੀਂ ਲਗਦਾ। ਉਸ ਦੀਆਂ ਕਮਾਈਆਂ ਮਾਇਆ ਤ੍ਰਿਸ਼ਨਾਈਆਂ ਭੀ ਸਭ ਕੂੜ ਦੀਆਂ ਹਨ। ਕੂੜ ਹੀ ਉਹ ਕਮਾਉਂਦੇ ਹਨ, ਕੂੜ ਹੀ ਇਕੱਠਾ ਕਰਦੇ ਹਨ। ਕੂੜ ਦਾ ਹੀ ਉਹ ਅਹਾਰ ਕਰਦੇ ਹਨ। ਸਾਰੀ ਉਮਰ ਬਿਖ ਮਾਇਆ ਰੂਪੀ ਧਨ ਇਕੱਠਾ ਕਰਿ ਕਰਿ ਮਰਿ ਰਹਿੰਦੇ ਹਨ। ਜਿਸ ਧਨ ਨੇ ਅੰਤੀ ਅਉਸਰ ਛਾਰ ਹੀ ਹੋ ਜਾਣਾ ਹੈ। ਜਿਤਨੇ ਭੀ ਕਰਮ ਧਰਮ ਸੁਚਿ ਸੰਜਮ ਉਹ ਕਰਦੇ ਹਨ ਉਹਨਾਂ ਮਨਮੁਖੀ ਕਰਮਾਂ ਦਾ ਕੋਈ ਭੀ ਲਾਭ ਅਸਰ ਨਹੀਂ ਹੁੰਦਾ, ਸਗੋਂ ਅੰਦਰਲਾ ਲੋਭ ਵਿਕਾਰ ਹੋਰ ਵਧ ਜਾਂਦਾ ਹੈ। ਗੁਰੂ ਨਾਨਕ ਸਾਹਿਬ ਸੱਚ ਫੁਰਮਾਉਂਦੇ ਹਨ ਕਿ ਮਨੁਮਖੀ ਪੁਰਸ਼ ਭੀ ਕਰਮ ਕਮਾਉਂਦੇ ਹਨ, ਉਹ ਥਾਂਇ ਨਹੀਂ ਪੈਂਦੇ। ਕੁਛ ਫਲ ਨਹੀਂ ਲਿਆਉਂਦੇ। ਉਹਨਾਂ ਨੂੰ ਦਰਗਾਹੇ ਜਾ ਕੇ ਖੁਆਰ ਹੀ ਹੋਣਾ ਪੈਂਦਾ ਹੈ। ਮਰਜ਼ੀ ਕਰਤੇ ਦੀ ।

ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥੨੬॥

(ਵਾਰਾਂ ਤੇ ਵਧੀਕ ਸਲੋਕ ਮ: ੪, ਪੰਨਾ ੧੪੨੪)

ਹਉਮੈ ਅੰਦਰਿ ਕਰਮ ਕਮਾਵਣ ਵਾਲਿਆਂ ਮਨਮੁਖਾਂ ਦਾ ਜੰਮਣ ਮਰਣ ਨਹੀਂ ਚੁਕਦਾ, ਚੁਰਾਸੀ ਦੇ ਗੇੜ ਵਾਲਾ। ਮਨਮੁਖੀ ਕਰਮਾਂ ਦੀ ਮਾਰ ਮਨਮੁਖਾਂ ਨੂੰ ਸਹਿਣੀ ਹੀ ਬਣਦੀ ਹੈ ।

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਏ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥੯॥

(ਵਾਰਾਂ ਤੇ ਵਧੀਕ, ਸਲੋਕ ਮ: ੫, ਪੰਨਾ ੧੪੨੫)

ਪਾਪ-ਮਨਮੁਖੜੇ ਜੋ ਪਾਪ ਕਰਮ ਕਮਾਵੰਦੇ ਹਨ, ਅਗੇ ਜਾ ਕੇ ਨਰਕਾਂ ਵਿਚ ਪੈ ਕੇ ਹਾਇ ਹਾਇ ਦਾ ਬਿਰਲਾਪ ਕਰਨਗੇ। ਧਰਮਰਾਇ ਉਹਨਾਂ ਨੂੰ ਐਉਂ ਪੀੜੂ ਜਿਵੇਂ ਮਧਾਣੀਆਂ, ਘੁਲਾੜੀਆਂ ਤੇ ਕੋਹਲੂਆਂ ਵਿਚ ਪਾ ਕੇ ਵਸਤੂਆਂ ਨੂੰ ਪੀੜੀਦਾ ਹੈ। (ਚਲਦਾ)

---

## ਫ੍ਰੀ ਲਿਟਰੇਚਰ ਫੰਡ

| | | | |
|---|---|---|---|
| ਸ: ਮਨਧੀਰ ਸਿੰਘ ਲੁਧਿਆਣਾ- | ੫੦/- | ਗੁਪਤ- | ੫੦/- |
| ਸ: ਸਤਨਾਮ ਸਿੰਘ ਮਾਡਲ ਟਾਊਨ ਲੁਧਿਆਣਾ | ੧੦੦/- | ਗੁਪਤ- | ੨੦੦/- |
| ਸ: ਕਰਨੈਲ ਸਿੰਘ ਗਹੀਰ ਇੰਜੀ. ਵਰਕਸ- | ੧੫੦/- | ਸ: ਕੁਲਵੰਤ ਸਿੰਘ ਮਾਹਲਾਂਵਾਲੀ- | ੧੦੦/- |

## ਸੂਰਾ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਕੁਲਵੰਤ ਸਿੰਘ ਮਾਹਲਾਂਵਾਲੀ- | ੨੦੦/- | ਗੁਪਤ- | ੫੦/- |
| ਬੀਬੀ ਸੰਤ ਕੌਰ ਜੀ- | ੫੧/- | ਗੁਪਤ- | ੧੦੦/- |
| ਮਨਮੋਹਨ ਸਿੰਘ ਜੀ- | ੫੧/- | ਬੀਬੀ ਸੁਰਿੰਦਰ ਕੌਰ ਮਨੀਲਾ- | ੧੧੦੦/- |
| ਕਰਤਾਰ ਸਿੰਘ ਗਰੀਬ- | ੨੧/- | ਸ: ਮਨਜੀਤ ਸਿੰਘ- | ੧੫੧/- |
| ਗੁਪਤ- | ੨੦/- | ਸ: ਹਰਮੀਤ ਸਿੰਘ ਮਾਡਲ ਟਾਊਨ ਲੁਧਿ: | ੧੦੧/- |
| ਗੁਪਤ- | ੩੦੦/- | | |


www.AKJ.Org

# ਰਿਸ਼ਤੇ ਨਾਤੇ

*ਨੋਟ:- 1. ਕੇਵਲ ਕੇਸਕੀ ਨੂੰ ਪੰਜਵਾਂ ਕਕਾਰ ਮੰਨ ਕੇ ਧਾਰਨ ਕਰਨ ਵਾਲੇ ਅਤੇ ਸ਼ਾਕਾਹਾਰੀ ਬੀਬੀਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਬਿਨਾਂ ਕਿਸੇ ਐਡਰੈਸ ਲਿਖੇ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।*

LD 250 22 ਸਾਲਾ ਕੱਦ 5' 2" B.A. Ist ਅਤੇ E.T.T. ਪਾਸ ਸਰਕਾਰੀ ਟੀਚਰ 6000/-ਮਾਸਿਕ ਤਨਖਾਹ ਕੀਰਤਨੀ ਅਤੇ ਬਿਬਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 251 30 ਸਾਲਾ, 5' 5" ਮਿਡਲ ਪਾਸ ਆਪਣਾ ਕਾਰੋਬਾਰ ਕਰਦੇ 5000/-ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 252 25 ਸਾਲਾ ਕੱਦ 5' 6" ਮੈਟ੍ਰਿਕ ਪਾਸ ਆਪਣਾ ਕਾਰੋਬਾਰ 4500/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 253 30 ਸਾਲਾ ਕੱਦ 5' 2" ਮੈਟ੍ਰਿਕ ਪਾਸ ਵਿਧਵਾ ਬੀਬੀ ਲਈ ਯੋਗ ਵਰ ਦੀ ਲੋੜ ਹੈ। 2 ਬੱਚੇ ਹਨ ਪ੍ਰੰਤੂ ਬੱਚੇ ਲੜਕੀ ਦਾ ਪੇਕਾ ਪ੍ਰੀਵਾਰ ਹੀ ਰੱਖਣ ਦਾ ਚਾਹਵਾਨ ।

LD 254 29 ਸਾਲਾ, ਕੱਦ 5' 5" B.SC.Bed. ਪਾਸ ਬਿਬੇਕੀ ਪਹਿਰੇ ਵਾਲੀ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 255 27 ਸਾਲਾ ਕੱਦ, 5', B. Sc. Bed. M.A. ਪੰਜਾਬੀ, ਅਤੇ D. Pharnacy ਪਾਸ ਪ੍ਰਾਈਵੇਟ ਨੌਕਰੀ ਕਰ ਰਹੀ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 256 42 ਸਾਲਾ ਬੀ.ਏ. ਪਾਸ ਰੇਡੀਮੇਡ ਕੱਪੜੇ ਦਾ ਬਿਜ਼ਨਸ ਕਰਦੇ ਚੰਗੀ ਆਮਦਨ ਵਾਲੇ ਦੁਹਾਜੂ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 257 29 ਸਾਲਾ ਕੱਦ 5' 6" B.A. ਗਿਆਨੀ ਅਤੇ ਐਗਰੀਕਲਚਰ ਡਿਪਲੋਮਾ ਪਾਸ ਆਪਣਾ ਕਾਰੋਬਾਰ ਕਰਦੇ 12 ਤੋਂ 15 ਹਜ਼ਾਰ ਰੁ: ਮਹੀਨਾ ਆਮਦਨ ਵਾਲੇ ਕੈਨੇਡਾ ਵਿਖੇ ਰਹਿ ਰਹੇ ਪ੍ਰੀਵਾਰ ਦੇ ਇਕਲੌਤੇ ਲੜਕੇ ਲਈ ਯੋਗ ਬੀਬੀ ਦੀ ਲੋੜ ਹੈ। ਲੜਕਾ ਭਾਰਤ ਵਿਖੇ ਹੀ ਰਹਿਣ ਦਾ ਇੱਛਕ ਹੈ। ਬਿਨਾ ਦਾਜ ਤੋਂ ਸਾਦਾ ਵਿਆਹ ।

LD 258 23 ਸਾਲ ਕੱਦ 5'9" 10+2 ਪਾਸ ਦੋ ਸਾਲਾ ਸਿੱਖ ਮਿਸ਼ਨਰੀ ਕੋਰਸ ਪਾਸ ਦਾਦਰ (ਬੰਬਈ) ਵਿਖੇ ਹੈਡ ਗ੍ਰੰਥੀ ਦੀ ਨੌਕਰੀ ਕਰਦੇ 10 ਹਜ਼ਾਰ ਰੁ: ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 259 40 ਸਾਲਾ ਕੱਦ 5'6" ਬੀ.ਕਾਮ. ਪਾਸ ਤਲਾਕ ਸ਼ੁਦਾ ਬਗੈਰ ਬੱਚੇ ਤੋਂ ਗਰੀਨ ਕਾਰਡ ਹੋਲਡਰ ਅਮਰੀਕਾ ਵਿਚ ਗੈਸ ਕੰਪਨੀ ਦੇ ਮੈਨੇਜਰ ਦੀ ਨੌਕਰੀ ਕਰਦੇ ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ। ਵਿਧਵਾ ਜਾਂ ਤਲਾਕਸ਼ੁਦਾ ਬਗੈਰ ਬੱਚੇ ਤੋਂ ਵਿਚਾਰਨ ਯੋਗ ।

LD 260 25 ਸਾਲਾ ਕੱਦ 5' 5" ਹੋਮਿਓਪੈਥਿਕ ਡਾਕਟਰ 10 ਹਜ਼ਾਰ ਰੁ: ਮਾਸਿਕ ਆਮਦਨ ਵਾਲੇ ਸਿੰਘ ਲਈ ਡਾਕਟਰ ਜਾਂ ਹਰਿਆਣਾ ਵਿਚ ਕੋਈ ਸਰਕਾਰੀ ਨੌਕਰੀ ਕਰਦੀ ਬੀਬੀ ਦੀ ਲੋੜ ਹੈ

LD 261 28 ਸਾਲਾ ਮੈਟ੍ਰਿਕ ਪਾਸ ਕੱਦ 5' 6", ਪ੍ਰਾਈਵੇਟ ਫੈਕਟਰੀ ਵਿਚ ਨੌਕਰੀ ਦੇ ਨਾਲ-ਨਾਲ ਦੂਜੇ ਭਰਾ ਨਾਲ ਸਾਂਝਾ ਕੰਮ ਕਰਦੇ ਆਤਮ-ਨਿਰਭਰ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 262 ਸਾਢੇ 25 ਸਾਲ ਕੱਦ 5' 6" ਬੀ ਕਾਮ. (Hons.) ਅਤੇ ਦੋ ਸਾਲਾ ਸਿੱਖ ਮਿਸ਼ਨਰੀ ਕੋਰਸ ਪਾਸ, ਕੀਰਤਨੀਆ ਅਤੇ ਤਬਲਾ ਵਾਦਕ ਚਾਰਟਰਡ ਅਕਾਊਂਟੈਂਟ 10 ਹਜ਼ਾਰ ਰੁ: ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 263 27 ਸਾਲਾ B. Sc (Non-medical) ਅਤੇ ਸਿਖ ਮਿਸ਼ਨਰੀ ਕੋਰਸ ਪਾਸ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਵਿਖੇ ਲੈਕਚਰਾਰ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 264 25 ਸਾਲਾ ਕੱਦ 5'10" ਅੰਡਰਮੈਟ੍ਰਿਕ ਤਰਖਾਣ ਦਾ ਕੰਮ ਕਰਦੇ 5000-ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 265 23 ਸਾਲਾ, ਕੱਦ 5'5", B.Sc. ਅਤੇ ਨਰਸਿੰਗ ਡਿਗਰੀ ਪਾਸ ਐਮ.ਏ. ii (Public Admn.) ਕਰ ਰਹੀ ਚੰਡੀਗੜ੍ਹ ਵਿਖੇ ਕੇਂਦਰ ਸਰਕਾਰ ਦੀ ਨੌਕਰੀ ਕਰ ਰਹੀ ਦਸ ਹਜ਼ਾਰ ਮਾਸਿਕ ਤਨਖਾਹ ਵਾਲੀ ਬੀਬੀ ਲਈ ਯੋਗ ਬੀਬੀ ਦੀ ਲੋੜ ਹੈ।

266 25 ਸਾਲਾ ਕੱਦ 5'1" M.com.B.Ed. ਪਾਸ ਸਰਕਾਰੀ ਸਕੂਲ ਵਿਚ ਟੀਚਰ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

7 24 ਸਾਲਾ 5'2",ਬੀ.ਏ. ਅਤੇ ਕਮਰਸ਼ੀਅਲ ਆਰਟਸ ਦਾ ਤਿੰਨ ਸਾਲਾ ਡਿਪਲੋਮਾ ਪਾਸ B.Ed. ਕਰ ਰਹੀ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

68 38 ਸਾਲਾ 5'4", B.Com, Reputed Firm ਵਿਚ ਚੰਗੀ ਨੌਕਰੀ ਕਰਦੇ ਬਿਨਾਂ ਬੱਚੇ ਵਾਲੇ ਦੁਹਾਜੂ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਪਹਿਲੀ ਸਿੰਘਣੀ ਚੜ੍ਹਾਈ ਕਰ ਗਈ ਹੈ। ਬਗੈਰ ਬੱਚੇ ਤੋਂ ਵਿਧਵਾ ਜਾਂ ਤਲਾਕਸ਼ੁਦਾ ਵਿਚਾਰਨ ਯੋਗ।

LD 269 29 ਸਾਲ ਕੱਦ 5' 9" ਰੇਲਵੇ ਫੈਕਟਰੀ ਵਿਚ ਨੌਕਰੀ 5500/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 270 26 ਸਾਲਾ ਕੱਦ 5' 3" M.A. (ਸਾਈਕਲੋਜੀ) ਅਤੇ ਕੰਪਿਊਟਰ ਕੋਰਸ ਪਾਸ ਕਾਨਵੈਂਟ ਪੜੀ ਹੋਈ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 271 25 ਸਾਲਾ ਕੱਦ 5' 4" B.A. ਪਾਸ ਰੇਲਵੇ ਵਿਚ ਸਰਕਾਰੀ ਨੌਕਰੀ ਕਰਦੇ 5000/- ਮਾਸਿਕ ਤਨਖਾਹ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 272 24 ਸਾਲਾ ਕੱਦ 5' 10" Post Graduate Dip.( In Plastic Mould and Design) ਪਾਸ ਅਤੇ ਕੈਨੇਡਾ ਵਿਚ ਉੱਚ ਵਿੱਦਿਆ ਪ੍ਰਾਪਤ ਕਰਕੇ ਕੈਨੇਡਾ ਵਿਚ ਹੀ ਚੰਗੀ ਤਨਖਾਹ ਤੇ ਨੌਕਰੀ ਕਰ ਰਹੇ ਪੱਕੇ ਤੌਰ ਤੇ ਕੈਨੇਡਾ ਵਾਸੀ ਲੜਕੇ ਲਈ 'ਕਿੱਤਾ ਪ੍ਰਧਾਨ ਉੱਚ ਵਿੱਦਿਆ ਪ੍ਰਾਪਤ' ਕੈਨੇਡਾ ਵਿਚ ਰਹਿਣ ਨੂੰ ਤਿਆਰ ਯੋਗ ਬੀਬੀ ਦੀ ਲੋੜ ਹੈ।

www.AKJ.Org

## ਪਿੰਡ ਅਲੀਗੜ੍ਹ (ਨੇੜੇ ਜਗਰਾਉਂ ) ਲੁਧਿਆਣਾ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਜਗਜੀਤ ਸਿੰਘ ਜੀ ਦੇ ਗ੍ਰਹਿ ਵਿਖੇ 14 ਫਰਵਰੀ ਸਵੇਰ ਤੋਂ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

## ਮਾਸਿਕ ਰੈਣਿ ਸਬਾਈ ਕੀਰਤਨ ਅਹਿਮਦਗੜ੍ਹ ਮੰਡੀ ਵਿਖੇ 13 ਫਰਵਰੀ ਰਾਤ ਨੂੰ।

## ਪਿੰਡ ਵੈਰੋਵਾਲ (ਅੰਮ੍ਰਿਤਸਰ) ਵਿਖੇ ਅਖੰਡ ਕੀਰਤਨ ਸਮਾਗਮ

ਸ਼ਹੀਦ ਭਾਈ ਸੁਲੱਖਣ ਸਿੰਘ ਜੀ ਦੀ ਯਾਦ ਵਿਚ 19 ਤੋਂ 21 ਫਰਵਰੀ 1999 ਸ੍ਰੀ ਅਖੰਡ ਪਾਠ ਸਾਹਿਬ 21 ਫਰਵਰੀ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ।

## ਬਸੰਤ ਰੁੱਤ ਦਾ ਸਾਲਾਨਾ ਕੇਂਦਰੀ ਕੀਰਤਨ ਸਮਾਗਮ ਪਟਿਆਲਾ ਵਿਖੇ 18 ਤੋਂ 21 ਫਰਵਰੀ ਤੱਕ।

ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸਮੂਹ ਅਖੰਡ ਕੀਰਤਨੀ ਜੱਥਿਆਂ ਅਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ 18,19,20 ਅਤੇ 21 ਫਰਵਰੀ ਨੂੰ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ 20 ਫਰਵਰੀ ਸ਼ਨੀਵਾਰ ਸ਼ਾਮ ਨੂੰ ਆਰੰਭ ਹੋਣਗੇ। ਆਇ ਦੀਦਾਰ ਬਖਸ਼ੋ ਜੀ। ਦਾਸਰੇ:- ਅਖੰਡ ਕੀਰਤਨੀ ਜੱਥਾ ਪਟਿਆਲਾ

## ਗੁਰੂ ਹਰ ਰਾਏ ਸਾਹਿਬ ਜੀ ਦੇ ਆਗਮਨ ਪੁਰਬ ਤੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ

25-2-99 ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 8 ਵਜੇ। 27 ਫਰਵਰੀ ਸਵੇਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ 10 ਵਜੇ ਤੱਕ। 28 ਫਰਵਰੀ ਐਤਵਾਰ ਸਵੇਰੇ ਕੀਰਤਨ 8 ਵਜੇ ਤੋਂ 12 ਵਜੇ ਤੱਕ। ਸਮਾਗਮ ਅਸਥਾਨ :- ਗ੍ਰਹਿ ਭਾਈ ਸੁਖਜਿੰਦਰ ਸਿੰਘ ਭਾਈ ਗੋਪਾਲ ਸਿੰਘ ਜੀ 80 ਨਿਊ ਲਾਜਪਤ ਨਗਰ ਪੱਖੋਵਾਲ ਰੋਡ ਨੇੜੇ ਕੈਨਾਲ ਰੈਸਟ ਹਾਊਸ ਲੁਧਿਆਣਾ। ਫੋਨ: 404045

## ਨੈਣੋਕੋਟ (ਗੁਰਦਾਸਪੁਰ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

7 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ

ਦਾਸਰਾ :- ਜੋਗਿੰਦਰ ਸਿੰਘ ਗੁਰਦੁਆਰਾ ਨੈਣੋਕੋਟ (ਗੁਰਦਾਸਪੁਰ)

## ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਬੁਢੇਵਾਲ (ਲੁਧਿਆਣਾ) ਵਿਖੇ 6 ਮਾਰਚ ਰਾਤ ਨੂੰ।

## ਗੁ: ਸ੍ਰੀ ਹਰਿਗੋਬਿੰਦ ਗੜ੍ਹ ਮੋਰਿੰਡਾ ਰੋਡ ਕੁਰਾਲੀ ਵਿਖੇ ਅਖੰਡ ਕੀਰਤਨ ਸਮਾਗਮ

20 ਮਾਰਚ 1999 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ। 21 ਮਾਰਚ ਸਵੇਰੇ ਭੋਗ ਰੈਣਿ ਸਬਾਈ ਕੀਰਤਨ ਸਵੇਰੇ 6 ਵਜੇ।

## ਗੁਰਦੁਆਰਾ ਨਾਨਕਸਰ ਜਨਤਾ ਨਗਰ ਧੂਰੀ ਵਿਖੇ ਰੈਣਿ ਸਬਾਈ ਕੀਰਤਨ 27 ਮਾਰਚ ਰਾਤ ਨੂੰ।

## U.K ਵਿਖੇ ਅਖੰਡ ਕੀਰਤਨ ਸਮਾਗਮ

1. 1978 ਦੇ ਸ਼ਹੀਦ ਭਾਈ ਰਘਬੀਰ ਸਿੰਘ ਜੀ ਦੀ ਸਪੁਤਰੀ ਦਾ ਸ਼ੁਭ ਅਨੰਦ ਕਾਰਜ ਕਾਕਾ ਮਨਜੀਤ ਸਿੰਘ ਈਸਟਹੈਮ ਵਾਲੇ ਨਾਲ। ਸ਼ਨਿਚਰਵਾਰ 13 ਫਰਵਰੀ ਨੂੰ ਗੁ: ਸਿੰਘ ਸਭਾ ਪਾਰਕ ਐਵੇਨਿਊ ਸਾਊਥਹਾਲ ਵਿਖੇ।
2. ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਸਨਿਚਰਵਾਰ 20 ਫਰਵਰੀ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਪਾਰਕ ਐਵੇਨਿਊ ਸਾਊਥਹਾਲ ਵਿਖੇ। ਹੋਰ ਜਾਣਕਾਰੀ ਭਾਈ ਰਾਮਾ ਸਿੰਘ ਜੀ 0181 5748629 Edwid St. Gurd. West Bromwich ਤੋਂ ਕੋਚ ਸ਼ਾਮ 6 ਵਜੇ ਚੱਲੇਗੀ। ਜਾਣਕਾਰੀ ਲਈ ਭਾਈ ਅਮਨਦੀਪ ਸਿੰਘ 01215586473
3. ਗੁ: ਗੁਰੂ ਅਮਰਦਾਸ ਜੀ Clarendon Park Rd. Leicester ਵਿਖੇ ਭਾਈ ਜੋਗਿੰਦਰ ਸਿੰਘ Leicester ਦੀ ਸਪੁੱਤਰੀ ਬੀਬੀ ਅਰਜਿੰਦਰ ਕੌਰ ਦਾ ਭਾਈ ਸੋਹਨ ਸਿੰਘ ਸਲੋਹ ਦੇ ਲੜਕੇ ਕਾਕਾ ਗੁਰਦੀਪ ਸਿੰਘ ਨਾਲ ਅਨੰਦ ਕਾਰਜ 28 ਫਰਵਰੀ ਨੂੰ ਹੋਣਗੇ। ਕੋਚ ਭਾਈ ਸੋਹਨ ਸਿੰਘ ਜੀ ਦੇ ਗ੍ਰਹਿ ਤੋਂ 28 ਫਰਵਰੀ ਸਵੇਰੇ 6 ਵਜੇ ਚੱਲੇਗੀ। ਵਧੇਰੇ ਜਾਣਕਾਰੀ ਲਈ 01753530624
4. ਹੋਲਾ ਮਹੱਲਾ ਸਬੰਧ ਵਿਚ ਸਮਾਗਮ ਕੀਰਤਨ, ਲੈਕਚਰ ਅਤੇ ਗਤਕਾ ਗੁ: ਗੁਰੂ ਅਰਜਨ ਦੇਵ ਜੀ ਡਰਬੀ ਵਿਖੇ 14 ਮਾਰਚ ਨੂੰ । ਜਾਣਕਾਰੀ ਲਈ ਉਂਕਾਰ ਸਿੰਘ ਸਲੋਹ 0175357237 ਸਤਨਾਮ ਸਿੰਘ ਡਰਬੀ 01332608858
5. ਪੰਜਵਾ ਸਾਲਾਨਾ ਇੰਟਰਨੈਸ਼ਨ ਸਮਾਗਮ 27 ਮਾਰਚ ਤੋਂ 4 ਅਪ੍ਰੈਲ 1999 ਤੱਕ ਸੈਂਟਰਲ ਇੰਗਲੈਂਡ ਵਿਖੇ। ਵਿਸਥਾਰ ਸਹਿਤ ਪ੍ਰੋਗਰਾਮ ਅਗਲੇ ਪਰਚੇ ਵਿਚ । ਹੋਰ ਜਾਣਕਾਰੀ ਲਈ ਭਾਈ ਹਰਦੀਪ ਸਿੰਘ 01753530624

SURA (Monthly) Kothi No. 12, BLOCK-1 BHAI RANDHIR SINGH NAGAR, LUDHIANA- 141004

www.AKJ.Org